# ਏਕੀਕਰਨ ਦਾ ਸਮਾਂ ਅਤੇ ਨਿਸ਼ਾਨ

ਸ਼ਾਮ ਮੁਬਾਰਕ ਹੋਵੇ । ਅੱਜ ਰਾਤ ਏਥੇ ਹੋਣਾ ਅਤੇ ਇਸ ਜਗ੍ਹਾ ਤੇ ਖਲੋਣਾ ਇੱਕ ਭਾਗਾਂ ਵਾਲੀ ਗਲ ਹੈ ।

2 ਮੈਂ, ਇਸ ਸਵੇਰ, ਸੜਕ ਤੇ ਆ ਰਿਹਾ ਸੀ...ਮੈਂ ਪ੍ਰਾਰਥਨਾ ਕਰ ਹੱਟਿਆ ਸੀ, ਪਰਮੇਸ਼ੁਰ ਦੀ ਉਡੀਕ ਕਰ ਰਿਹਾ ਸੀ । ਅਤੇ ਸੜਕ ਤੇ ਆਉਂਦੇ ਹੋਏ, ਮੈਂ ਰੇਡਿਓ ਚਾਲੂ ਕੀਤਾ, ਇੱਕ ਸੇਵਕ, ਭਾਈ ਸਮਿਥ, ਇੱਕ ਕਾਲਾ ਭਰਾ, (ਕੀ ਤੁਸੀਂ ਸਾਰਿਆਂ ਨੇ ਅੱਜ ਸਵੇਰ ਓਸ ਨੂੰ ਸੁਣਿਆ? ਤੁਹਾਡੇ ਵਿਚੋਂ ਕਿਸੇ ਨੇ?), ਮੈਂ ਵਿਸ਼ਵਾਸ ਕਰਦਾ ਹਾਂ ਇਹ ਓਹਿਓ ਤੋਂ ਸੀ । ਕੋਈ ਮੈਨੂੰ ਉਸਦੇ ਪਰਚਾਰ ਕਰਨ ਬਾਰੇ ਦੱਸ ਰਿਹਾ ਸੀ, ਅਤੇ ਕਿਹਾ, "ਤੁਹਾਨੂੰ ਉਹਨਾਂ ਦਾ ਪ੍ਰਸਾਰਣ ਚਾਲੂ ਕਰਨਾ ਚਾਹੀਦਾ ਹੈ" ।

3 ਮੈਂ ਇਸ ਸਵੇਰ ਹੀ ਓਸ ਨੂੰ ਸੁਣ ਸਕਿਆ । ਅਤੇ ਉਹ ਯਕੀਨਨ ਇਸ ਬਾਰੇ ਦੱਸ ਰਿਹਾ ਸੀ ਕਿ ਅੱਜ ਸੰਸਾਰ ਵਿੱਚ ਪਾਪ ਕਿਵੇਂ ਵੱਧ ਰਿਹਾ ਹੈ ਅਤੇ ਉਹ...ਅਤੇ ਉਸ ਰੇਡੀਓ ਸਟੇਸਨ ਤੋਂ ਮੈਂ ਥੋੜਾ ਅਗੇ ਗਿਆ ਅਤੇ ਆਉਂਦੇ ਆਉਂਦੇ ਕੁਝ ਹੋਰ ਸੁਣਿਆ । ਜਿਸ ਵੇਲੇ ਮੈਂ ਇਥੇ ਪੁੱਜਿਆ, ਜੱਦ ਇਸ ਸਵੇਰ ਮੈਂ ਅੰਦਰ ਆਇਆ ਤਾਂ ਮੈਂ ਵੇਖ ਰਿਹਾ ਸੀ ਕਿ ਗਿਰਜੇ ਆਉਣ ਲਈ ਕਿਤੇ ਬਹੁੱਤ ਜਿਆਦਾ ਦੇਰ ਤਾਂ ਨਹੀਂ ਹੋ ਗਈ । ਇਸ ਲਈ, ਅੱਜ ਰਾਤ ਇਥੇ ਹੋਣਾ ਅਤੇ ਪਰਮੇਸ਼ੁਰ ਦੀ ਸਭਾ ਵਿੱਚ ਸੇਵਾ ਕਰ ਸਕਣਾ ਸਾਡੇ ਲਈ ਭਾਗਾਂ ਵਾਲੀ ਗਲ ਹੈ ।

4 ਅਤੇ ਕਿਸੇ ਦਿਨ ਅਸੀਂ ਭਾਈ ਨੇਵਿਲ ਅਤੇ ਸੰਦੇਸ਼ ਬਾਰੇ ਇਸ ਛੋਟੀ ਔਰਤ ਨਾਲ ਗਲ ਕਰ ਰਹੇ ਸੀ, ਸਾਡੀ ਭੈਣ ਜੋ ਸਾਡੇ ਤੋਂ ਜੁਦਾ ਹੋ ਗਈ ਹੈ । ਉਹ ਸੀ, ਅਸੀਂ ਸਾਰੇ ਜਾਣਦੇ ਹਾਂ ਕਿ ਉਹ ਕੌਣ ਸੀ, ਉਹ ਭੈਣ ਵੀਵਰ ਸੀ । ਅਤੇ ਇਥੇ ਇੱਕ ਆਦਮੀ ਬਾਰੇ ਸੋਚ ਰਿਹਾ ਸੀ, ਜਿਸਦਾ ਅੱਜ ਰਾਤ ਬਪਤਿਸਮਾ ਹੋ ਰਿਹਾ ਸੀ; ਉਸ ਭੈਣ ਨੂੰ...ਮੈਂ ਉਸ ਨੂੰ ਇਥੇ ਏਸ ਤਲਾਬ ਵਿੱਚ ਬਪਤਿਸਮਾ ਦਿੱਤਾ ਸੀ ਜੱਦ ਮੈਂ...ਉਹਨਾਂ ਨੂੰ ਉਸ ਨੂੰ ਇਥੇ ਇੱਕ ਵ੍ਹੀਲਚੇਅਰ ਤੇ ਲਿਆਉਣਾ ਪਿਆ । ਉਹ ਕੈਂਸਰ ਨਾਲ ਮਰ ਰਹੀ ਸੀ ਅਤੇ ਉਸ ਕੋਲ ਜਿਉਣ ਲਈ ਬੱਸ ਇੱਕ ਰਾਤ ਹੀ ਬਚੀ ਸੀ; ਡਾਕਟਰ ਉਸ ਲਈ ਹਾਰ ਮੰਨ ਚੁੱਕੇ ਸਨ, ਉਹ ਅਗਲੀ ਸਵੇਰ ਮਰਨ ਵਾਲੀ ਸੀ । ਅਤੇ ਮੈਂ ਉਸਦੇ ਘਰ ਗਿਆ ਅਤੇ ਉਸ ਨਾਲ ਰੱਬੀ ਚੰਗਾਈ ਬਾਰੇ ਗੱਲ ਕਰਨ ਦੀ ਕੋਸਿਸ਼ ਕੀਤੀ ਅਤੇ ਉਹ ਬੱਸ ਇਹ ਦੁਹਰਾਉਂਦੀ ਰਹੀ, "ਮੈਂ ਏਸ ਯੋਗ ਨਹੀਂ ਕਿ ਤੂੰ ਮੇਰੀ ਛੱਤ ਹੇਠ ਆਵੇਂ" । ਉਸਨੇ ਕਿਹਾ, "ਮੈਂ ਇਸ ਯੋਗ ਨਹੀਂ ਕਿ ਕੋਈ ਸੇਵਕ ਮੇਰੇ ਘਰ ਵਿੱਚ ਆਵੇ" । ਉਸਨੇ ਕਿਹਾ, "ਮੈਂ ਇੱਕ ਪਾਪੀ ਹਾਂ" । ਪਰ ਉਸਨੇ ਕਿਹਾ, "ਸ੍ਰੀਮਾਨ, ਮੈਂ ਇਸ ਤਰ੍ਹਾਂ ਨਹੀਂ ਮਰਨਾ ਚਾਹੁੰਦੀ" । ਅਤੇ ਇਸ ਲਈ ਗ੍ਰੇਸ ਵੈਬਰ ਜੋ ਇਥੇ ਹਨ, ਮੈਨੂੰ ਉਥੇ ਲੈ ਕੇ ਗਏ ਸਨ । ਮੈਂ ਬੱਸ ਅੰਦਰ ਆਇਆ ਹੀ ਸੀ, ਸਭਾਵਾਂ ਤੋਂ ਥੱਕਿਆ ਹੋਇਆ ਸੀ; ਅਤੇ ਜਦੋਂ ਮੈਂ ਉਥੇ ਉਸ ਲਈ ਪ੍ਰਾਰਥਨਾ ਕਰ ਰਿਹਾ ਸੀ ਅਤੇ ਉਸ ਦੇ ਲਈ ਪਵਿੱਤਰ ਲਿੱਖਤਾਂ ਨੂੰ ਪੜ੍ਹ ਰਿਹਾ ਸੀ ਅਤੇ ਉਹ ਬਚ ਗਈ । ਫੇਰ, ਉਹ ਔਖਿਆਈ ਨਾਲ ਆਪਣਾ ਹੱਥ ਚੁੱਕ ਸਕਦੀ ਸੀ ਪਰ ਉਹ ਹਰੇਕ ਨਾਲ ਹੱਥ ਮਿਲਾਉਣਾ ਚਾਹੁੰਦੀ ਸੀ । ਉਹ ਬੱਸ...ਉਸ ਦੇ ਨਾਲ ਕੁਝ ਹੋ ਗਿਆ ਸੀ ।

5 ਅਤੇ ਜਦ ਉਹ ਹੱਥ ਮਿਲਾ ਰਹੇ ਸਨ, ਮੈਂ ਉਸਦੇ ਬਾਰੇ ਇੱਕ ਦਰਸ਼ਨ ਵੇਖਿਆ ਜਿਸ ਵਿੱਚ ਉਹ ਮੁਰਗੀਆਂ ਦੇ ਵਾੜੇ ਵਿੱਚ ਜਾ ਰਹੀ ਹੈ, ਵਾਪਸ ਆ ਰਹੀ ਹੈ । ਮੈਂ ਕਿਹਾ, “ਸਭ ਠੀਕ ਹੈ, ਹੁਣ ਸਭ ਕੁਝ ਠੀਕ ਹੋ ਜਾਵੇਗਾ”; ਅਤੇ ਇਹ ਅਠਾਰਾਂ ਸਾਲ ਪਹਿਲਾਂ ਸੀ । ਅਤੇ ਉਹਨੇ ਇਸ ਸਾਰੇ ਸਮੇਂ ਵਿੱਚ ਕੈਂਸਰ ਨੂੰ ਪਿਛਾਂਹ ਛੱਡ ਦਿੱਤਾ । ਜੇਕਰ ਉਹ ਮਰਦੀ...ਉਹ ਕਿਸੇ ਵੀ ਕੈਂਸਰ ਨਾਲ ਨਹੀਂ ਮਰੀ, ਉਸ ਨੂੰ ਇੱਕ ਦਿਲ ਦਾ ਦੌਰਾ ਪਿਆ ਅਤੇ ਉਹਨੂੰ ਮਾਰ ਦਿੱਤਾ । ਉਹਨਾਂ ਉਸ ਨੂੰ ਆਕਸੀਜਨ ਦੇ ਅੰਦਰ ਰੱਖਿਆ ਹੋਇਆ ਸੀ; ਉਹ ਇੱਕ ਦਿਲ ਦੇ ਦੌਰੇ ਨਾਲ ਮਰੀ ।

6 ਅਤੇ ਫਿਰ ਮੈਂ ਵਿਚਾਰ ਕਰ ਰਿਹਾ ਸੀ, ਬਿਲਕੁਲ ਅੰਤ ਵਿੱਚ ਜੱਦ ਲੋਕ ਬਾਹਰ ਜਾ ਰਹੇ ਸਨ ਅਤੇ ਉਹ ਗਾ ਰਹੇ ਸਨ, *ਫਿਰ ਯਿਸੂ ਆਇਆ* । ਇਹ ਇਸ ਤਰਾਂ ਹੀ ਹੋਇਆ ਸੀ, ਉਹ ਆਇਆ ਅਤੇ ਉਸਦੀ ਜਿੰਦਗੀ ਅਠਾਰਾਂ ਸਾਲਾਂ ਲਈ ਬਖਸ ਦਿੱਤੀ । ਅਤੇ ਮੈਂ ਸੋਚਿਆ, ਕਿੰਨਾ ਢੁਕਵਾਂ ਹੈ । ਉਹ ਔਰਤ ਸ਼ਾਇਦ ਨਹੀਂ ਜਾਣਦੀ ਸੀ ਕਿ ਉਹ ਇਸ ਨੂੰ ਓਸ ਤਰ੍ਹਾਂ ਕਰ ਰਹੀ ਸੀ । ਫਿਰ, ਦੁਬਾਰਾ, ਹੋ ਸਕਦਾ ਹੈ ਉਹ ਜਾਣਦੀ ਸੀ । ਪਰ ਉਸ ਹਿੱਸੇ ਦਾ ਉਥੇ ਹੋਣਾ ਕਿੰਨਾ ਢੁਕਵਾਂ ਸੀ, *ਫਿਰ ਯਿਸੂ ਆਇਆ* ।

7 ਹੁਣ ਇਹ ਥੋੜਾ ਜਿਹਾ ਪਹਿਲਾਂ ਹੈ, ਮੈਨੂੰ ਆਸ ਹੈ ਕਿ ਸਭਾਵਾਂ ਦੇ ਲਈ ਮੇਰੀ ਇੱਕ ਵੱਡੀ ਤਿਆਰੀ ਹੋ ਰਹੀ ਸੀ । ਮੈਂ ਬਹੁਤ ਜਿਆਦਾ ਬੇਚੈਨ ਹੋ ਜਾਂਦਾ ਹਾਂ । ਇਸ ਸਵੇਰ, ਮੈਂ ਬਹੁਤ ਜਿਆਦਾ ਉਲਝਿਆ ਹੋਇਆ ਸੀ, ਮੈਂ ਪ੍ਰਾਰਥਨਾ ਕਰਨ ਲਈ ਚਲਾ ਗਿਆ । ਅਤੇ ਮੈਂ ਇਥੇ ਵਾਪਸ ਘਰ ਆ ਗਿਆ । ਪਰਿਵਾਰ ਨੂੰ ਅਰੀਜੋਨਾ ਵਿੱਚ ਲੈ ਗਿਆ ਅਤੇ ਮੈਂ...ਤਾਂ ਕਿ ਬੱਚੇ ਸਕੂਲ ਜਾ ਸਕਣ । ਅਤੇ ਮੈਂ ਮੁੜ੍ਹ ਇਥੇ ਆਇਆ ਹਾਂ ਤਾਂ ਜੋ ਅਰਾਮ ਕਰ ਸਕਾਂ, ਭਾਈ ਵੁਡ ਅਤੇ ਏਥੋਂ ਦੇ ਕੁਝ ਭਰਾਵਾਂ ਨਾਲ ਸ਼ਿਕਾਰ ਤੇ ਜਾ ਸਕਾਂ; ਆਉਣ ਵਾਲੇ ਹਫਤੇ ਸ਼ਿਕਾਰ ਤੇ ਜਾ ਸਕਾਂ । ਅਸੀਂ ਕੰਟਕੀ ਵਿੱਚ ਜਾ ਰਹੇ ਹਾਂ । ਅਤੇ ਮੈਂ...ਵਿੱਚ ਸੀ...ਮੈਂ ਉਸ ਦਿਨ ਆਇਆ ਜਿਸ ਦਿਨ ਸ੍ਰੀਮਤੀ ਵੀਵਰ ਦੀ ਮੌਤ ਹੋਈ ਸੀ, ਅਤੇ ਇਹ ਠੀਕ ਸੀ ਤਾਂ ਕਿ ਮੈਂ ਇਥੇ ਰਹਿ ਸਕਾਂ ਅਤੇ ਅੰਤਿਮ ਸੰਸਕਾਰ ਵਿੱਚ ਭਾਈ ਨੇਵਿਲ ਦੀ ਸਹਾਇਤਾ ਕਰ ਸਕਾਂ ।

8 ਅਤੇ ਮੈਂ ਇਹ ਕੋਸ਼ਿਸ ਨਹੀਂ ਕਰਦਾ...ਮੈਂ ਇਹਦੇ ਬਾਰੇ ਜਿਆਦਾ ਕਹਿਣ ਦੀ ਕੋਸ਼ਿਸ ਨਹੀਂ ਕਰਦਾ, ਤੁਸੀਂ ਜਾਣਦੇ ਹੋ, ਆਲੇ ਦੁਆਲੇ ਲੋਕ ਸ਼ਿਕਾਇਤ ਕਰਦੇ ਹਨ । ਕਿਓਂਕਿ, ਮੈਂ ਸੋਚਦਾ ਹਾਂ ਕਿ ਸਭ ਤੋਂ ਭਿਆਨਕ ਚੀਜ ਜੋ ਵੇਖ ਸਕਦੇ ਹਾਂ ਉਹ ਇਹ ਹੈ ਕਿ ਇੱਕ ਆਦਮੀ ਜਾਂ ਇੱਕ ਔਰਤ ਜੋ ਲਗਾਤਾਰ ਸ਼ਿਕਾਇਤ ਕਰਦੇ ਰਹਿੰਦੇ ਹਨ । ਮੈਂ ਹਮੇਸ਼ਾ ਸ਼ੋਚਿਆ ਹੈ, “ਪਰਮੇਸ਼ੁਰ, ਮੈਨੂੰ ਇਸ ਤੋਂ ਦੂਰ ਰੱਖ” । ਸਮਝੇ, ਤੁਸੀਂ ਜਾਣਦੇ ਹੋ, ਇਹ ਹਮੇਸ਼ਾ ਹੀ ਵਿਸ਼ਵਾਸ ਨੂੰ ਕਮਜੋਰ ਕਰਦਾ ਹੈ । ਤੁਸੀਂ ਬੱਸ-ਤੁਸੀਂ ਬੱਸ...ਜੇ ਤੁਸੀਂ-ਜੇ ਤੁਸੀਂ...ਮੈਂ ਜਾਣਦਾ ਹਾਂ ਜਦੋਂ ਉਹ ਉਮਰ ਵਿੱਚ ਸਿਆਣੇ ਹੁੰਦੇ ਹਨ, ਸਾਡੇ ਵਿਚੋਂ ਹਰੇਕ, ਸਾਡੇ ਨਾਲ ਕੁਝ ਨਾ ਕੁਝ ਹੋਣ ਜਾ ਰਿਹਾ ਹੈ ਅਤੇ ਕੁਝ ਨਾ ਕੁਝ ਹੁੰਦਾ ਹੈ ਅਤੇ ਮੈਂ ਜਾਣਦਾ ਹਾਂ ਕਿ ਉਹ ਛੋਟੀਆਂ ਛੋਟੀਆਂ ਗਲਾਂ ਇਕੱਠੀਆਂ ਹੁੰਦੀਆਂ ਰਹਿਣਗੀਆਂ, ਜਿਵੇਂ ਜਿਵੇਂ ਤੁਹਾਡੀ ਉਮਰ ਵੱਧਦੀ ਜਾਵੇਗੀ, ਇਹ ਤਾਂ ਹੋਣਾ ਹੀ ਹੈ । ਪਰ ਮੈਂ ਸੋਚਦਾ ਹਾਂ ਸਭ ਤੋਂ ਭਿਆਨਕ ਚੀਜਾਂ ਵਿਚੋਂ ਇੱਕ ਇਹ ਹੈ ਜੱਦ ਸ਼ਤਾਨ ਕਿਸੇ ਵਿਅਕਤੀ ਦੇ ਜੀਵਨ ਤੇ ਰਾਜ ਕਰਦਾ ਹੈ: ਇੱਕ ਚਿੜਚਿੜਾ ਬੁਢਾ ਆਦਮੀ ਜਾਂ ਔਰਤ, ਤੁਸੀਂ ਸਮਝੇ। ਮੈਂ–ਮੈਂ ਆਸ ਕਰਦਾ ਹਾਂ ਕਿ ਮੈਂ ਅਜਿਹੀ ਹਾਲਤ ਵਿੱਚ ਨਹੀਂ ਜਾਵਾਂਗਾ । ਮੈਂ ਆਸ ਕਰਦਾ ਹਾਂ ਕਿ ਮੈਂ ਇਸ ਨੂੰ ਸਹਿ ਸਕਾਂ, ਮੇਰੇ ਬੋਝ ਅਤੇ ਇੱਕ ਅਜਿਹੀ ਜਗ੍ਹਾ ਤੇ ਜਾ ਸਕਾਂ ਜਿਥੇ...ਮੈਂ ਚਾਹੁੰਦਾ ਹਾਂ ਕਿ ਮੇਰੇ ਜੀਵਨ ਨੂੰ ਪਰਮੇਸ਼ੁਰ ਦੀ ਮਹਿਮਾ ਦਾ ਮੁਕਟ

ਪਹਿਣਾਇਆ ਜਾਵੇ: ਉਹਦੇ ਧੀਰਜ, ਨਰਮਾਈ, ਸ਼ਾਂਤੀ, ਹਲੀਮੀ ਅਤੇ ਪਵਿੱਤਰ ਆਤਮਾ ਨਾਲ ਭਰ ਜਾਵਾਂ ।

9 ਅਤੇ ਮੈਂ...ਮੇਰੇ ਜੀਵਨ ਵਿੱਚ ਸਭ ਤੋਂ ਮੁੱਖ ਗਲ ਜੋ ਮੈਨੂੰ ਠੇਸ ਪਹੁੰਚਾਉਂਦੀ ਰਹੀ, ਇਹ ਇੱਕ ਬੇਚੈਨੀ ਦੀ ਹਾਲਤ ਰਹੀ ਹੈ । ਜਦੋਂ ਮੈਂ ਬਹੁਤ ਜਿਆਦਾ ਕੰਮ ਕਰਦਾ ਹਾਂ ਤੱਦ ਮੈਂ ਬਹੁਤ ਜਿਆਦਾ ਥੱਕ ਜਾਂਦਾ ਹਾਂ । ਮੈਂ...ਇਸ ਤਰ੍ਹਾਂ ਮਹਿਸੂਸ ਕਰਦਾ ਹਾਂ ਕਿ ਕੋਈ ਵੀ ਮੇਰੀ ਪਰਵਾਹ ਨਹੀਂ ਕਰਦਾ, ਤੁਸੀਂ ਜਾਣਦੇ ਹੋ, ਅਤੇ ਤੁਸੀਂ ਸਾਰੇ...ਤੁਹਾਨੂੰ ਵੀ ਹੁੰਦਾ ਹੈ । ਅਤੇ ਮੇਰੇ ਨਾਲ ਇਹ ਜਰੂਰਤ ਤੋਂ ਜਿਆਦਾ ਹੀ ਹੁੰਦਾ ਹੈ, ਤੁਸੀਂ ਜਾਣਦੇ ਹੋ ਅਤੇ ਕਈ ਵਾਰ ਇਹ ਬਹੁਤ ਬੁਰਾ ਹੋ ਜਾਂਦਾ ਹੈ ਅਤੇ ਮੈਂ ਬਹੁਤ ਮੁਸ਼ਕਲ ਨਾਲ...ਇਹ ਤਣਾਉ ਹੈ ਅਤੇ ਇਹ ਇਸ ਤਰਾਂ ਹੀ ਬਣਦਾ ਹੈ । ਅਤੇ ਬਹੁਤ ਵਾਰ ਮੈਂ ਅਜਿਹੀ ਹਾਲਤ ਵਿੱਚ ਚਲਾ ਜਾਂਦਾ ਹਾਂ, ਖ਼ਾਸ ਕਰਕੇ ਉਹਨਾਂ ਦਰਸ਼ਨਾਂ ਦੇ ਨਾਲ, ਤੁਸੀਂ ਸਮਝ ਰਹੇ ਹੋ, ਇਹ ਮੈਨੂੰ ਫੜ ਲੈਂਦਾ ਹੈ । ਮੈਂ ਇੱਕ ਵਿਅਕਤੀ ਵਲ ਵੇਖਦਾ ਹਾਂ, ਮੈਂ ਸੋਚਦਾ ਹਾਂ, “ਇਹ ਇੱਕ ਦਰਸ਼ਨ ਹੈ । ਨਹੀਂ, ਨਹੀਂ, ਨਹੀਂ, ਇਹ ਨਹੀਂ ਹੈ । ਹਾਂ! ਕੀ ਇਹ ਨਹੀਂ ਹੈ?” ਤੁਸੀਂ ਸਮਝੇ? ਅਤੇ ਤੁਹਾਨੂੰ ਬੱਸ ਇਹ ਅਹਿਸਾਸ ਨਹੀਂ ਹੈ ਕਿ ਇਹਦਾ ਕੀ ਮੁੱਲ ਲਗਦਾ ਹੈ । ਇਸ ਲਈ ਫਿਰ–ਫਿਰ ਤੁਸੀਂ–ਤੁਸੀਂ ਹੈਰਾਨ ਹੁੰਦੇ ਹੋ । ਫੇਰ ਤੁਸੀਂ ਸੋਚਣ ਲਗਦੇ ਹੋ, “ਖੈਰ ਤੁਸੀਂ...” ਫਿਰ ਤੁਸੀਂ ਆਪਣੀ ਵਲ੍ਹ ਵੇਖਦੇ ਹੋ ਤੇ ਕਹਿੰਦੇ ਹੋ, “ਅੱਛਾ, ਹੁਣ, ਮੈਂ ਕੀ ਕੀਤਾ ਹੈ? ਮੈਂ ਇਥੇ ਹਾਂ, ਮੈਂ–ਮੈਂ ਪੰਜਾਹ ਸਾਲ ਦਾ ਹਾਂ ਅਤੇ ਮੈਂ ਪ੍ਰਭੂ ਦੇ ਲਈ ਕੁਝ ਵੀ ਨਹੀਂ ਕੀਤਾ ਹੈ; ਅਤੇ ਮੈਂ–ਮੈਂ ਬੁੱਢਾ ਹੋ ਰਿਹਾ ਹਾਂ । ਅਤੇ ਕੀ ਹੈ...? ਹੇ ਮੇਰੇ ਪਰਮੇਸ਼ੁਰ” । ਫਿਰ ਤੁਸੀਂ ਉਹਦੇ ਹੇਠ ਆ ਜਾਂਦੇ ਹੋ...ਜਿਹਨੂੰ ਅਸੀਂ “ਉਦਾਸੀ” ਕਹਿੰਦੇ ਹਾਂ । ਤੁਹਾਡੇ ਵਿਚੋਂ ਕੁਝ ਭਰਾ ਜੋ ਮੇਰੀ ਉਮਰ ਦੇ ਹਨ ਉਹਨਾਂ ਨੂੰ ਯਾਦ ਹੈ ਕਿ ਉਹ ਇਹਨੂੰ ਕੀ ਆਖਦੇ ਹੁੰਦੇ ਸਨ “ਉਦਾਸ ਹੋਣਾ” । ਪੋਪ ਇਹਦੇ ਬਾਰੇ ਗਲ ਕਰਦਾ ਹੁੰਦਾ ਸੀ ਅਤੇ ਮੈਂ ਹੈਰਾਨ ਹੁੰਦਾ ਸੀ ਕਿ ਇਹਦਾ ਕੀ ਅਰਥ ਹੈ ਅਤੇ ਮੈਂ ਹੁਣ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਇਹਦਾ ਕੀ ਅਰਥ ਹੈ । ਇਸ ਲਈ ਫਿਰ ਤੁਸੀਂ ਇਸ ਤਰ੍ਹਾਂ ਮਹਿਸੂਸ ਕਰਨਾ ਸ਼ੁਰੂ ਕਰਦੇ ਹੋ, ਜੋ ਜਰਾ ਵੀ ਠੀਕ ਨਹੀਂ ਹੈ, ਤੁਸੀਂ ਇਹ ਜਾਣਦੇ ਹੋ । ਸਮਝੇ, ਤੁਸੀਂ ਇਹ ਜਾਣਦੇ ਹੋ, ਇਹ ਇਸ ਲਈ ਹੈ ਕਿ ਤੁਸੀਂ ਇਹ ਕਰ ਰਹੇ ਹੋ ।

10 ਇਸ ਲਈ ਮੈਂ ਆਪਣੇ ਆਪ ਨੂੰ ਥੋੜਾ ਸ਼ਾਂਤ ਕਰ ਰਿਹਾ ਸੀ ਅਤੇ ਉਸ ਪ੍ਰੇਰਨਾ ਦੇ ਲਈ ਤਿਆਰ ਹੋ ਰਿਹਾ ਸੀ ਜਿਹਦੀ ਮੈਨੂੰ ਆਸ ਹੈ ਕਿ ਜਲਦ ਹੀ ਆ ਰਹੀ ਹੈ । ਅਤੇ ਫਿਰ ਉਸ ਵਿਚੋਂ...ਮੈਨੂੰ ਉਹਦੇ ਨਾਲ ਹੀ ਨਿਊ ਯਾਰਕ ਜਾਣਾ ਪੈਣਾ ਹੈ, ਅਤੇ ਮੈਂ...ਉਥੇ ਇਕ ਸਭਾ ਦੇ ਲਈ ਜਾਂ ਇੱਕ ਮੁਹਿਮ ਦੇ ਲਈ । ਅਤੇ ਫਿਰ ਉਸ ਜਗ੍ਹਾ ਤੋਂ ਸ਼੍ਰੇਵਪੋਰਟ, ਫਿਰ ਮੁੜ੍ਹ ਫਿਨਿਕਸ ਨੂੰ ਜਾਣਾ ਹੈ । ਅਤੇ ਫਿਰ ਮੁੜ੍ਹ ਪੱਛਮ ਨੂੰ ਆਉਣਾ ਹੈ...ਜੋ ਸੰਯੁਕਤ ਰਾਜ ਦੀ ਦੱਖਣੀ ਸਰਹੱਦ ਹੈ । ਅਤੇ ਫਿਰ ਉਹ ਬਾਹਰਲੇ ਦੇਸ਼ਾਂ ਦੇ ਲਈ ਤਿਆਰੀਆਂ ਕਰ ਰਹੇ ਹਨ, ਤਾਂ ਜੋ ਇਸ ਸਾਲ ਦੇ ਪਹਿਲੇ ਮਹੀਨੇ ਬਾਅਦ ਅਸੀਂ ਜਲਦ ਤੋਂ ਜਲਦ ਸ਼ੁਰੂ ਕਰ ਸਕੀਏ, ਹੋ ਸਕਦਾ ਹੈ ਮਾਰਚ, ਅਪ੍ਰੈਲ, ਕੁਝ ਇਸ ਤਰ੍ਹਾਂ; ਜਿਥੇ ਤੁਸੀਂ ਸਟੋਕਹੋਮ ਹਾਂ ਓਸਲੋ ਤੋ ਸ਼ੁਰੁਆਤ ਕਰੋਗੇ ਅਤੇ ਸਾਰੇ ਸੰਸਾਰ ਵਿਚੋਂ ਜਾਓਗੇ, ਜੇ ਕਰ ਅਸੀਂ ਅਗਲੇ ਦੌਰੇ ਤੇ ਕਰ ਸਕੇ ।

11 ਅਤੇ ਹੁਣ ਮੈਂ ਘਰ ਵਿੱਚ ਹਾਂ, ਇੱਕ ਤਰ੍ਹਾਂ ਨਾਲ ਥੋੜਾ ਜਿਹਾ ਆਰਾਮ ਕਰ ਰਿਹਾ ਹਾਂ, ਤਾਂਕਿ ਮੁੜ੍ਹ ਆਪਣੇ ਆਪ ਵਿੱਚ ਵਾਪਸ ਆ ਸਕਾ ਅਤੇ ਇੱਕ ਤਰ੍ਹਾਂ ਨਾਲ ਮੁੜ੍ਹ ਸ਼ਕਤੀ ਪ੍ਰਾਪਤ ਕਰ ਸਕਾਂ । ਅਤੇ ਜੇ ਪ੍ਰਭੂ ਦੀ ਇੱਛਾ ਹੈ ਤਾਂ ਮੈਂ ਅਗਲੇ ਐਤਵਾਰ ਕੇਂਟਕੀ ਤੋਂ ਵਾਪਸ ਆ ਜਾਵਾਂਗਾ । ਅਤੇ–ਅਤੇ ਜੇ ਇਹ ਠੀਕ ਹੈ, ਪਰਮੇਸ਼ੁਰ ਨੂੰ ਚੰਗਾ ਲਗਦਾ ਹੈ ਅਤੇ ਭਾਈ ਨੇਵਿਲ

ਨੂੰ ਕੋਈ ਇਤਰਾਜ ਨਹੀਂ ਹੈ ਤਾਂ ਖੈਰ, ਮੈਂ ਅਗਲੇ ਐਤਵਾਰ ਦੀ ਸਭਾ ਲੈਣ ਦੀ ਕੋਸਿਸ਼ ਕਰਾਂਗਾ, ਜੇ ਪ੍ਰਭੂ ਦੀ ਇੱਛਾ ਹੈ । ਅਤੇ ਜੇਕਰ ਉਹਦੀ ਉਂਝ ਹੀ ਇੱਛਾ ਹੈ ਜਿਵੇਂ ਭਾਈ ਨੇਵਿਲ ਦੀ ਹੈ ਤਾਂ ਮੈਂ ਇਥੇ ਹੋਵਾਂਗਾ । ਹਾਂ ਸ਼੍ਰੀਮਾਨ, ਉਹ ਉਨਾਂ ਹੀ...ਜੇਕਰ ਉਹਦੀ ਉਸ ਤਰ੍ਹਾਂ ਇੱਛਾ ਹੈ ਜਿਵੇਂ ਭਾਈ ਨੇਵਿਲ ਦੀ ਹੈ । ਮੈਨੂੰ ਆਸ ਹੈ ਕਿ ਉਹਦੀ ਇੱਛਾ ਹੈ । ਹੁਣ, ਵੇਖੋ, ਮੈਂ ਜਾਣਦਾ ਹਾਂ ਕਿ ਜੇਕਰ ਪ੍ਰਭੂ ਨੇ ਚਾਹਿਆ ਤਾਂ ਮੈਂ ਜਲਦ ਹੀ ਕੁਝ ਸਮੇਂ ਲਈ ਤੁਹਾਡੇ ਤੋਂ ਦੂਰ ਜਾਣ ਵਾਲਾ ਹਾਂ ।

12 ਅਤੇ ਮੈਂ...ਬੱਸ ਛੋਟੇ ਸੰਦੇਸ਼, ਜਿਵੇਂ ਮੈਂ ਇੱਕ ਛੋਟੇ ਜਿਹੇ ਨੂੰ ਆਪਣੇ ਦਿਲ ਵਿੱਚ ਲੈਂਦਾ ਹਾਂ, ਫਿਰ ਮੈਂ–ਮੈਂ–ਮੈਂ ਮਹਿਸੂਸ ਕਰਦਾ ਹਾਂ ਕਿ ਮੈਂ ਇਹ ਤੁਹਾਨੂੰ ਦਸਾਂ, ਤੁਸੀਂ ਸਮਝੇ, ਅਤੇ ਅਸੀਂ ਇਹਦੇ ਆਲੇ ਦੁਆਲੇ ਸੰਗਤੀ ਕਰ ਸਕੀਏ । ਹੁਣ, ਮੇਰੇ ਕੋਲ ਕੁਝ ਹਨ, ਪੰਜ ਜਾਂ ਛੇ ਜੋ ਮੇਰੇ ਕੋਲ ਪਿਛਲੇ ਕੁਝ ਦਿਨਾਂ ਵਿੱਚ ਆਏ ਸਨ । ਅਤੇ ਮੈਂ ਦੋ ਕੁ ਦਿਨਾਂ ਵਾਸਤੇ ਇਥੇ ਗਿਲਹਰੀਆਂ ਦੇ ਸ਼ਿਕਾਰ ਲਈ ਗਿਆ । ਅਤੇ ਮੈਂ ਜੰਗਲਾਂ ਵਿੱਚ ਜਾਂਦਾ ਹਾਂ ਆਪਣੇ ਨਾਲ ਇੱਕ ਕਾਗਜ ਅਤੇ ਪੈਨਸਿਲ ਲੈ ਜਾਂਦਾ ਹਾਂ । ਸਮਝੇ? ਜਦੋਂ ਅਜਿਹਾ ਸਮਾਂ ਆਉਂਦਾ ਹੈ ਜੱਦ ਦਿਨ ਦੀ ਰੋਸ਼ਨੀ ਚੰਗੀ ਹੁੰਦੀ ਹੈ ਤਾਂ ਮੈਂ ਕਿਸੇ ਜਗ੍ਹਾ ਤੇ ਇੱਕ ਦਰਖੱਤ ਦੇ ਨਾਲ ਢੋਅ ਲਗਾ ਲੈਂਦਾ ਹਾਂ । ਜੇ ਮੈਨੂੰ ਨੀਂਦ ਨਹੀਂ ਆਉਂਦੀ ਤਾਂ ਮੈਂ ਪ੍ਰਾਰਥਨਾ ਕਰਨੀ ਸ਼ੁਰੂ ਕਰ ਦਿੰਦਾ ਹਾਂ, ਅਤੇ ਫਿਰ ਮੈਂ, ਪਰਮੇਸ਼ੁਰ ਮੈਨੂੰ ਕੁਝ ਦਿੰਦਾ ਹੈ, ਅਤੇ ਮੈਂ ਇਹਨੂੰ ਲਿੱਖ ਲੈਂਦਾ ਹਾਂ, ਤੁਸੀਂ ਸਮਝੇ । ਤੁਸੀਂ ਜਾਣਦੇ ਹੋ ਮੇਰਾ ਕੀ ਮਤਲਬ ਹੈ; ਜਦੋਂ ਤੁਸੀਂ ਆਪਣੇ ਆਪ ਵਲ੍ਹ ਵੇਖਦੇ ਹੋ, ਅਤੇ ਫਿਰ ਤੁਸੀਂ...ਫਿਰ ਮੈਂ ਵਾਪਸ ਆਉਂਦਾ ਹਾਂ ਅਤੇ ਇਹ ਸਾਰਾ ਕੁਝ ਇੱਕ ਕਾਗਜ ਦੀ ਨੋਟਬੁਕ ਉੱਤੇ ਲਿੱਖ ਲੈਂਦਾ ਹਾਂ । ਅਤੇ ਫਿਰ ਜਦੋਂ ਮੈਨੂੰ ਬੁਲਾਇਆ ਜਾਂਦਾ ਹੈ, ਮੈਂ ਜਲਦੀ ਨਾਲ ਜਾਂਦਾ ਹਾਂ ਅਤੇ ਆਪਣੀ ਨੋਟਬੁਕ ਲੈਂਦਾ ਹਾਂ ਅਤੇ ਇਸ ਵਿਚੋਂ ਵੇਖਦਾ ਹਾਂ ਕਿ ਮੈਂ ਕਿਹੜੀ ਚੀਜ ਉੱਤੇ ਸ਼ੁਰੂ ਕਰਾਂ, ਤੁਸੀਂ ਸਮਝੇ । ਹੁਣ ਇਹ ਹੀ ਹੋਇਆ ਹੈ ।

13 ਇਸ ਲਈ ਹੁਣ, ਮੈਂ ਚਾਹੁੰਦਾ ਹਾਂ ਕਿ ਜੇਕਰ ਪਰਮੇਸ਼ੁਰ ਦੀ ਇੱਛਾ ਹੈ, ਤਾਂ ਬੱਸ ਬੋਲਾਂ...ਮੈਂ ਕੋਸ਼ਿਸ ਕਰ ਰਿਹਾ...ਉਹਨਾਂ ਵੱਡਿਆਂ ਅਤੇ ਲਮਿਆਂ ਸੰਦੇਸ਼ਾਂ ਨੂੰ ਛੋਟੇ ਕਰਨ ਦੀ ਕੋਸਿਸ਼ ਕਰ ਰਿਹਾ ਹਾਂ, ਤੁਸੀਂ ਸਮਝੇ; ਜਿਹੜੇ ਤੁਹਾਡੇ ਬਹੁਤ ਸਾਰੇ ਘੰਟੇ ਲੈਣਗੇ । ਅਤੇ ਪਰਮੇਸ਼ੁਰ ਨੇ ਸ਼ਿਕਾਗੋ ਵਿੱਚ ਇਹਨਾਂ ਨੂੰ ਛੋਟੇ ਕਰਨ ਵਿੱਚ ਮੇਰੀ ਬਹੁਤ ਮਦਦ ਕੀਤੀ, ਉਥੇ ਪਿਛਲੀ ਰਾਤ, ਲਗਭਗ ਤੀਹ ਮਿੰਟ । ਅਤੇ ਕੋਈ ਆਇਆ ਅਤੇ ਕਿਹਾ, “ਮੈਂ ਨਹੀਂ ਸੋਚਦਾ ਕਿ ਇਹ ਤੇਰੇ ਵੱਸ ਵਿੱਚ ਸੀ ਪਰ ਤੁਸੀਂ ਇਹ ਕਰ ਦਿੱਤਾ!” ਇਸ ਲਈ ਤੀਹ ਮਿੰਟ, ਲਗਭਗ ਢਾਈ ਜਾਂ ਤਿੰਨ ਘੰਟਿਆ ਤੋਂ, ਤੁਸੀਂ ਜਾਣਦੇ ਹੋ । ਇਸ ਲਈ ਹੋ ਸਕਦਾ ਹੈ ਕਿ ਅੱਜ ਰਾਤ ਮੈਂ ਜਲਦੀ ਕਰਾਂ ਅਤੇ ਤੁਹਾਨੂੰ ਜਿਆਦਾ ਚਿਰ ਨਾ ਰੋਕਣ ਲਈ ਇਹ ਇੱਕ ਛੋਟਾ ਜਿਹਾ ਅਭਿਆਸ ਹੋਵੇਗਾ ।

14 ਪਰਮੇਸ਼ੁਰ ਤੁਹਾਨੂੰ ਬਰਕਤ ਦਵੇ । ਕੋਈ ਫਰਕ ਨਹੀਂ ਪੈਂਦਾ, ਮੈਂ ਜਿਥੇ ਵੀ ਜਾਂਵਾਂ, ਇਸ ਡੇਰੇ ਜਿਹੀ ਕੋਈ ਜਗ੍ਹਾ ਨਹੀਂ ਹੋ ਸਕਦੀ । ਇਹ ਘਰ ਹੈ, ਪਿਆਰਾ ਘਰ । ਅਤੇ ਮੈਨੂੰ ਵੀਵਰ ਪਰਿਵਾਰ ਦੇ ਨਾਲ ਹਮਦਰਦੀ ਹੈ । ਅਤੇ ਉਸ ਬਹੁਮੁਲੇ ਕਾਲੇ ਭਰਾ ਦੇ ਲਈ ਜੋ ਮਰ ਗਿਆ, ਉਹਦੇ ਮਰਨ ਤੋਂ ਥੋੜੀ ਦੇਰ ਪਹਿਲਾਂ ਮੈਂ ਉਹਦੇ ਨਾਲ ਪ੍ਰਾਰਥਨਾ ਕੀਤੀ ਅਤੇ ਉਹ ਇੱਕ ਵਧੀਆ ਚਰਿੱਤਰ ਸੀ । ਅਤੇ ਹੁਣ ਉਹ ਪਰਮੇਸ਼ੁਰ ਦੇ ਨਾਲ ਘਰ ਵਿੱਚ ਹੈ ਅਤੇ ਸਭ ਕੁਝ ਖਤਮ ਹੋ ਗਿਆ ਹੈ । ਅਤੇ ਤੁਹਾਨੂੰ ਵੀ ਕਿਸੇ ਨਾ ਕਿਸੇ ਤਰ੍ਹਾਂ ਜਾਣਾ ਹੀ ਹੈ ਅਤੇ ਅਸੀਂ ਸਾਰੇ ਇਹ ਜਾਣਦੇ ਹਾਂ । ਇਸ ਲਈ ਅਸੀਂ...ਪਰਮੇਸ਼ੁਰ ਉਹਨਾਂ ਦੀਆਂ ਆਤਮਾਵਾਂ ਨੂੰ ਸ਼ਾਂਤੀ ਬਖਸੇ ਅਤੇ ਕਿਸੇ ਦਿਨ ਉਸ ਦੇਸ਼ ਵਿੱਚ ਅਸੀਂ ਉਹਨਾਂ ਨਾਲ ਮਿਲਣ ਦੀ ਆਸ ਰਖਦੇ ਹਾਂ, ਜਿਥੇ ਕੋਈ ਬਿਮਾਰੀ

ਨਹੀਂ, ਕੋਈ ਦੁੱਖ ਨਹੀਂ ਜਾਂ ਕੋਈ ਮੌਤ ਨਹੀਂ । ਉਦੋਂ ਤੱਕ, ਆਓ ਅਸੀਂ ਸੁਸਮਾਚਾਰ ਦੇ ਲਈ ਉਹ ਸਭ ਕੁਝ ਕਰੀਏ ਜੋ ਅਸੀਂ ਕਰ ਸਕਦੇ ਹਾਂ ।

15 ਤਣਾਓ ਦੀ ਗਲ ਕਰ ਰਿਹਾ ਸੀ, ਮੈਂ ਇਹਦੇ ਬਾਰੇ ਇਸ ਸਵੇਰ ਪ੍ਰਾਰਥਨਾ ਕਰ ਰਿਹਾ ਸੀ । ਤੁਸੀਂ ਕੀ ਕਰਦੇ ਜੇਕਰ ਤੁਹਾਡੇ ਕੋਲ ਕੋਈ ਤਣਾਓ ਨਾ ਹੁੰਦਾ? ਜਰਾ ਇਹਦੇ ਬਾਰੇ ਸੋਚੋ । ਤਣਾਓ ਜੀਵਨ ਦਾ ਇੱਕ ਹਿੱਸਾ ਹੈ । ਜਦੋਂ ਮੈਂ ਇਹਦੇ ਬਾਰੇ ਸੋਚਿਆ ਤਾਂ ਇਹਨੇ ਮੈਨੂੰ ਹੋਂਸਲਾ ਦਿੱਤਾ । ਜੇਕਰ ਤੁਹਾਡੇ ਉੱਤੇ ਕੋਈ ਤਣਾਓ ਨਾ ਹੁੰਦਾ ਤਾਂ ਤੁਸੀਂ ਇੱਕ ਲੀਰਾਂ ਨਾਲ ਬਣੀ ਹੋਈ ਗੁੱਡੀ ਜਿਹੇ ਹੁੰਦੇ, ਤੁਹਾਡੇ ਕੋਲ ਕੋਈ ਵੀ ਭਾਵਨਾ ਨਾ ਹੁੰਦੀ । ਤੁਹਾਡੇ ਕੋਲ ਕਰਨ ਲਈ ਕੁਝ ਵੀ ਨਾ ਹੁੰਦਾ । ਜਿਵੇਂ ਇੱਕ ਪਤੀ ਅਤੇ ਪਤਨੀ, ਜੇ ਉਹ ਕੁਝ ਕਰਨਾ ਚਾਹੁੰਦੀ ਹੈ ਅਤੇ ਉਹ ਇੱਕਠੇ ਕੰਮ ਕਰਨ ਦੀ ਕੋਸ਼ਿਸ ਕਰ ਰਹੇ ਹਨ (ਖ਼ਾਸ ਤੌਰ ਤੇ ਮਸੀਹ) ਅਤੇ ਦੂਜਾ ਚਾਹੁੰਦਾ ਹੈ ਕਿ…ਅਤੇ ਜਦੋਂ ਤੁਸੀਂ ਇੱਕਠੇ ਹੁੰਦੇ ਹੋ…ਤੁਹਾਨੂੰ ਪੱਤਾ ਲਗਦਾ ਹੈ ਕਿ ਉਹਨੇ ਕੀ ਕੀਤਾ ਹੈ; ਉਹਨੂੰ ਪਤਾ ਲਗਦਾ ਹੈ…ਸਮਝੇ, ਤਣਾਉ ਅਸਲ ਵਿੱਚ ਤੁਹਾਨੂੰ ਇੱਕਠੇ ਕਰਦਾ ਹੈ । ਅਤੇ ਕੋਈ ਤੁਹਾਨੂੰ ਦੱਸਦਾ ਹੈ, “ਖੈਰ,” ਕਹਿੰਦਾ ਹੈ, “ਜਰਾ ਉਸ ਵਿਚਾਰੀ ਪਤਨੀ ਬਾਰੇ ਸੋਚ ਜੋ ਬਹੁੱਤ ਜਿਆਦਾ ਤਣਾਓ ਹੇਠ ਚਲੀ ਗਈ ਸੀ ਜਦੋਂ ਤੂੰ ਠੀਕ ਨਹੀਂ ਸੀ ਜਾਂ ਪਤੀ ਤਣਾਓ ਹੇਠ ਚਲਾ ਗਿਆ ਜਦੋਂ ਤੂੰ ਠੀਕ ਨਹੀਂ ਸੀ । ਫਿਰ ਜੱਦ ਇਹ ਸਭ ਕੁਝ ਮਾਫ਼ ਕਰ ਦਿੱਤਾ ਜਾਂਦਾ ਹੈ, ਵੇਖੋ ਤੁਸੀਂ ਉਹਦੇ ਬਾਰੇ ਕਿਵੇਂ ਮਹਿਸੂਸ ਕੀਤਾ । ਮੇਰੇ, ਤੁਸੀਂ ਬੱਸ…” ਸਮਝੇ, ਤੁਹਾਡੇ ਕੋਲ ਤਣਾਓ ਹੋਣਾ ਹੀ ਚਾਹੀਦਾ ਹੈ । ਇਹੀ ਸਭ ਹੈ ।

16 ਅਤੇ ਜਰਾ ਭਾਵਨਾਵਾਂ ਬਾਰੇ ਸੋਚੋ, ਕੀ ਹੁੰਦਾ ਜੇਕਰ ਤੁਹਾਡੇ ਕੋਲ ਕੋਈ ਭਾਵਨਾ ਨਾ ਹੁੰਦੀ, ਕੋਈ ਦਰਦ ਜਾਂ ਕੁਝ ਨਾ ਹੁੰਦਾ? ਕੀ ਹੁੰਦਾ ਜੇਕਰ ਕੋਈ ਦਰਦ ਨਾ ਹੁੰਦੀ? ਤੁਹਾਡੇ ਕੋਲ ਕੋਈ ਭਾਵਨਾ ਨਾ ਹੁੰਦੀ । ਸਮਝੇ? ਅਤੇ ਜੇ ਤੁਹਡੇ ਕੋਲ ਕੋਈ ਭਾਵਨਾ ਨਾ ਹੁੰਦੀ ਤਾਂ ਤੁਹਾਡੀਆਂ ਚੇਤਨਾਵਾਂ ਵਿਚੋਂ ਇੱਕ ਚਲੀ ਜਾਂਦੀ । ਸਮਝੇ? ਇਸ ਲਈ, ਵੇਖੋ, ਕਿਸੇ ਵੀ ਤਰ੍ਹਾਂ ਸਭ ਕੁਝ ਠੀਕ ਹੀ ਹੈ । ਇਸ ਲਈ, “ਪਰਮੇਸ਼ੁਰ, ਇਹਦੇ ਸਾਹਮਣੇ ਖੜ੍ਹੇ ਹੋਣ ਦੇ ਲਈ ਸਾਨੂੰ ਕਿਰਪਾ ਦੇ,” ਇਹੀ ਚੀਜ ਹੈ । ਜੇ ਅਸੀਂ ਬੱਸ ਓਸ ਕਿਰਪਾ ਨਾਲ ਖੜੇ ਰਹਿਏ ਅਤੇ ਉਥੇ ਖਲੋ ਜਾਈਏ ਅਤੇ ਆਖੀਏ, “ਅਸੀਂ ਜਾਣਦੇ ਹਾਂ ਕਿ ਜੱਦ ਇਹ ਜੀਵਨ ਸਮਾਪਤ ਹੋ ਜਾਵੇਗਾ, ਦੂਸਰੇ ਪਾਸੇ ਇੱਕ ਮਹਾਨ ਜੀਵਨ ਹੈ ਜਿਥੇ ਜਾਣ ਲਈ ਅਸੀਂ ਵੇਖ ਰਹੇ ਹਾਂ” । ਅਤੇ ਹੁਣ, ਅਸੀਂ ਇਹ ਚੇਤੇ ਰਖਿਏ ਕਿ ਇਹ ਸਭ ਚੀਜਾਂ, ਇਹ ਇੱਕ ਤਣਾਓ ਹਨ ।

17 ਇਹ ਵੀ ਕਿ, ਕੁਝ ਲੋਗ ਮਸੀਹਤ ਦੀ ਇੰਝ ਪਛਾਣ ਕਰਾਉਣ ਦੀ ਕੋਸ਼ਿਸ ਕਰਦੇ ਹਨ ਕਿ, “ਤੁਸੀਂ ਚਿੰਤਾ ਤੋਂ ਮੁਕਤ ਹੋ । ਤੁਸੀਂ…” ਨਹੀਂ, ਤੁਸੀਂ ਨਹੀਂ ਹੋ । “ਤੁਸੀਂ ਤਣਾਓ ਤੋਂ ਮੁਕਤ ਹੋ” । ਐਹ, ਨਹੀਂ! ਤੁਸੀਂ ਜੱਦ ਮਸੀਹ ਬਣਦੇ ਹੋ ਤਾਂ ਤੁਸੀਂ ਤਣਾਓ ਨੂੰ ਲੈਂਦੇ ਹੋ, ਕਿਓਂਕਿ ਤੁਸੀਂ ਇੱਕ ਤਰਾਂ ਦੀ ਬੇਫਿਕਰੀ, ਅਲਬੇਲੀ ਅਵਸਥਾ ਵਿੱਚ ਸੀ, ਤੱਦ ਜੋ ਕੁਝ ਵੀ ਹੁੰਦਾ ਸੀ, ਤੁਸੀਂ ਜੋ ਕਰਦੇ ਸੀ ਉਹਦੇ ਬਾਰੇ ਕੋਈ ਪਰਵਾਹ ਨਹੀਂ ਕਰਦੇ ਸੀ ।

18 ਪਰ ਜਦ ਤੁਸੀਂ ਇੱਕ ਅਸਲ ਮਸੀਹ ਬਣਦੇ ਹੋ, ਤੁਸੀਂ ਹਰ ਪਲ ਅਚਰਜ ਕਰਦੇ ਹੋ, “ਕੀ ਮੈਂ ਆਪਣੇ ਪ੍ਰਭੂ ਨੂੰ ਖੁਸ਼ ਕਰ ਰਿਹਾ ਹਾਂ? ਜੇ ਮੈਂ ਉਹਦੇ ਕੋਲੋਂ ਸੁਣ ਸਕਦਾ!” ਇਹ ਤੁਹਾਨੂੰ ਤਣਾਓ ਵਿੱਚ ਲੈ ਆਉਂਦਾ ਹੈ, ਤੁਹਾਨੂੰ ਚੋਕਸ ਬਣਾਉਂਦਾ ਹੈ । ਇਹ ਹੀ ਹੈ ਜੋ ਤੁਹਾਨੂੰ ਉਹ ਬਣਾਉਂਦਾ ਹੈ ਜੋ ਤੁਸੀਂ ਹੋ । ਇਸ ਲਈ, ਆਖਰਕਾਰ, ਤਣਾਓ ਇੱਕ ਬਰਕਤ ਹੈ । ਇਹ ਉਸੇ ਤਰ੍ਹਾਂ ਹੈ ਜਿਸ ਤਰਾਂ ਤੁਸੀਂ ਇਸ ਵਲ੍ਹ ਵੇਖਦੇ ਹੋ । ਇਹ ਬੱਸ ਉਸੇ ਤਰ੍ਹਾਂ ਹੈ ਜਿਸ ਤਰ੍ਹਾਂ ਤੁਸੀਂ ਇਸ ਵਲ੍ਹ ਵੇਖਦੇ ਹੋ । ਸਮਝੇ? ਜੇ ਤੁਸੀਂ ਬੱਸ ਦੂਜੇ ਪਾਸੇ ਵੇਖੋ, ਉਥੇ ਇੱਕ–ਉਥੇ ਇੱਕ…ਇਸ

ਨਾਲ ਕੋਈ ਫਰਕ ਨਹੀਂ ਪੈਂਦਾ ਕਿ ਤੁਸੀਂ ਕਿਸੇ ਚੀਜ ਨੂੰ ਕਿੰਨਾ ਬਰੀਕ ਕੱਟਦੇ ਹੋ, ਤੁਹਾਡੇ ਕੋਲ ਅਜੇ ਵੀ ਇਹਦੇ ਦੋ ਪਾਸੇ ਹੋਣਗੇ, ਤੁਸੀਂ ਸਮਝੇ? ਇਸ ਲਈ ਤੁਸੀਂ ਦੋਹਾਂ ਪਹਿਲੂਆਂ ਨੂੰ ਵੇਖਣਾ ਚਾਹੁੰਦੇ ਹੋ ।

19 ਇਸ ਲਈ ਤਣਾਓ…ਮੈਂ ਸੋਚਦਾ ਹਾਂ, "ਹੇ ਮੇਰੇ, ਇਹ…ਇਹ ਤਣਾਓ ਕੀ ਹੈ? ਜੇ ਮੈਂ ਇਸ ਤਣਾਓ ਤੋਂ ਬਗੈਰ ਜਨਮ ਲੈਂਦਾ" । ਖੈਰ, ਜੇ ਮੇਰੇ ਉੱਤੇ ਇਹ ਤਣਾਓ ਨਾ ਹੁੰਦਾ, ਤਾਂ ਮੈਂ ਉਹ ਨਾ ਹੁੰਦਾ ਜੋ ਮੈਂ ਹਾਂ । ਸ਼ਾਇਦ, ਮੈਂ ਇੱਕ ਮਸੀਹ ਨਾ ਹੁੰਦਾ । ਇਹ ਤਣਾਓ ਸੀ ਜੋ ਮੈਨੂੰ ਯਿਸੂ ਮਸੀਹ ਕੋਲ ਲੈ ਆਇਆ । ਸਮਝੇ? ਇਸ ਲਈ, ਮੇਰੇ ਲਈ ਇਹ ਇੱਕ ਬਰਕਤ ਰਿਹਾ ਹੈ ।

20 ਸੋ ਜਿਵੇਂ ਪੌਲੂਸ ਨੇ ਕਿਹਾ, ਜਿਵੇਂ, ਜੱਦ ਉਸ ਤੇ ਤਣਾਓ ਹੁੰਦਾ ਸੀ ਜਾਂ ਕੁਝ ਹੋਰ, ਤਾਂ ਉਸ ਨੇ ਤਿੰਨ ਵਾਰ ਪ੍ਰਭੂ ਨੂੰ ਇਸ ਨੂੰ ਆਪਣੇ ਤੋਂ ਦੂਰ ਕਰਨ ਲਈ ਕਿਹਾ । ਅਤੇ ਪ੍ਰਭੂ ਨੇ ਕਿਹਾ, "ਸੋਲੂਸ਼, ਮੇਰੀ…ਪੌਲੂਸ, ਮੇਰੀ ਕਿਰਪਾ ਹੀ ਕਾਫੀ ਹੈ" ।

21 ਉਹਨੇ ਕਿਹਾ, "ਫਿਰ, ਮੈਂ ਆਪਣੀਆਂ ਨਿਰਬਲਤਾਈਆਂ ਨਾਲ ਅਭਮਾਨ ਕਰਾਂਗਾ । ਫਿਰ ਜਦ ਮੈਂ ਨਿਰਬਲ ਹੁੰਦਾ ਹਾਂ ਤੱਦ ਹੀ ਮੈਂ ਸਮਰਥੀ ਹੁੰਦਾ ਹਾਂ" । ਸਮਝੇ? ਜੱਦ ਤੱਕ ਇਹ ਪਰਮੇਸੁਰ ਦੀ ਮਰਜੀ ਦੇ ਅਨੁਸਾਰ ਹੈ ਤਾਂ ਸਭ ਠੀਕ ਹੈ ।

22 ਹੁਣ, ਮੈਂ ਉਸ ਨੂੰ ਇੱਕ ਵਾਰ ਪੁਛਿਆ ਜੱਦ ਇਹ ਮੈਨੂੰ ਬਹੁਤ ਪਰੇਸ਼ਾਨ ਕਰਦਾ ਸੀ, ਮੈਨੂੰ ਇਹਦੇ ਤੋਂ ਡਰ ਲਗਦਾ ਸੀ । ਅਤੇ ਉਹਨੇ ਮੈਨੂੰ ਦੱਸਿਆ, ਲਗਭਗ ਅੱਠ ਜਾਂ ਦੱਸ ਸਾਲ ਪਹਿਲਾਂ, ਉਹਨੇ ਕਿਹਾ, "ਇਹ ਤੈਨੂੰ ਫਿਰ ਕਦੇ ਨਹੀਂ ਡਰਾਵੇਗਾ" । ਅਤੇ ਇਹ ਨੇ ਕਦੇ ਨਹੀਂ ਡਰਾਇਆ । ਨਹੀਂ, ਸ਼੍ਰੀਮਾਨ; ਇਹਦੇ ਬਾਰੇ ਚਿੰਤਾ ਨਾ ਕਰੋ । ਮੈਂ ਬੱਸ ਇਹਨੂੰ ਮਹਿਸੂਸ ਕਰਦਾ ਹਾਂ, ਪਰ ਮੈਂ ਜਾਣਦਾ ਹਾਂ ਕਿ ਇਹ ਹੈ; ਪਰ ਮੈਂ ਬੱਸ ਅਗਾਂਹ ਵੱਧਦਾ ਜਾਂਦਾ ਹਾਂ ਕਿਓਂਕਿ ਮੈਨੂੰ ਹੁਣ ਇਸ ਤੋਂ ਡਰ ਨਹੀਂ ਲਗਦਾ, ਮੈਂ ਇਸ ਲਈ ਬਹੁਤ ਧੰਨਵਾਦੀ ਹਾਂ ।

ਹੁਣ, ਉਹ ਕਹਿ ਸਕਦਾ ਸੀ, "ਇਹ ਹੁਣ ਨਹੀਂ ਹੋਵੇਗਾ," ਜਿਵੇਂ ਉਸਨੇ ਕਿਹਾ, "ਤੂੰ ਹੁਣ ਨਹੀਂ ਡਰੇਂਗਾ" ।

23 ਸੋ ਇਹ ਉਹਦੀ ਇੱਛਾ ਨਾਲ ਹੁੰਦਾ ਹੈ, ਮੈਂ ਇਸ ਨੂੰ ਜੱਫੀ ਪਾਉਂਦਾ ਹਾਂ ਅਤੇ ਕਹਿੰਦਾ ਹਾਂ, "ਤੇਰਾ ਧੰਨਵਾਦ, ਪ੍ਰਭੂ, ਮੈਂ ਉਸ ਰਾਹ ਚਲਾਂਗਾ" ।

24 ਹੁਣ, ਆਓ ਕੁਝ ਪਲਾਂ ਲਈ ਅਸੀਂ ਆਪਣੇ ਸਿਰਾਂ ਨੂੰ ਪ੍ਰਾਰਥਨਾ ਲਈ ਝੁਕਾਈਏ । ਕੀ ਪ੍ਰਾਰਥਨਾ ਦੇ ਲਈ ਕੋਈ ਖਾਸ਼ ਬੇਨਤੀ ਹੈ? (ਮੈਂ ਕੁਝ ਰੁਮਾਲਾਂ ਨੂੰ ਇਥੇ ਪਏ ਹੋਏ ਵੇਖ ਰਿਹਾ ਹਾਂ ।) ਆਪਣੇ ਹੱਥ ਨੂੰ ਉਪਰ ਕਰੋ । ਪ੍ਰਭੂ, ਆਪਣੇ ਹਰੇਕ ਬੱਚੇ ਨੂੰ ਆਸ਼ੀਸ਼ ਦੇ ।

25 ਸਾਡੇ ਸਵਰਗੀ ਪਿਤਾ, ਜੱਦ ਅਸੀਂ ਤੇਰੇ ਮਹਾਨ ਅਤੇ ਆਲੀਸ਼ਾਨ ਕਿਰਪਾ ਦੇ ਸਿੰਘਾਸਣ ਵਲ ਨੂੰ ਆਉਂਦੇ ਹਾਂ, ਕਿਓਂਕਿ ਸਾਨੂੰ ਆਉਣ ਲਈ ਕਿਹਾ ਗਿਆ ਹੈ । ਅਸੀਂ ਯਿਸੂ ਮਸੀਹ ਦੁਆਰਾ ਸੱਦੇ ਜਾਣ ਤੇ ਆ ਰਹੇ ਹਾਂ । ਅਤੇ ਅਸੀਂ ਆਪਣੀਆਂ ਸਾਰੀਆਂ ਫਿਕਰਾਂ ਨਾਲ ਆਉਂਦੇ ਹਾਂ ਅਤੇ ਉਹਨਾਂ ਨੇ ਓਸ ਉੱਤੇ ਸੁੱਟਦੇ ਹਾਂ ਕਿਓਂਕਿ ਉਹ ਸਾਡੀ ਫਿਕਰ ਕਰਦਾ ਹੈ । ਇਹ ਕਿੰਨਾ ਸੁਖਦਾਇਕ ਹੈ, ਇਹ ਜਾਣਨਾ ਕਿ ਉਹ ਸਾਡੀ ਫਿਕਰ ਕਰਦਾ ਹੈ । ਸਵਰਗ ਦਾ ਮਹਾਨ ਪਰਮੇਸ਼ੁਰ, ਸ੍ਰਿਸ਼ਟੀਕਰਤਾ; ਸਾਡੀ ਫਿਕਰ ਕਰਦਾ ਹੈ, ਆਪਣੀ ਸ੍ਰਿਸ਼ਟੀ ਦੀ । ਅਸੀਂ ਇਸ ਲਈ ਬਹੁੱਤ ਪ੍ਰਸੰਨ ਹਾਂ, ਪ੍ਰਭੂ । ਇਸ ਸਮੇਂ ਵਿੱਚ ਜਿਸ ਵਿੱਚ ਅਸੀਂ ਰਹਿ ਰਹੇ ਹਾਂ ਇਹ ਕਿੰਨਾ ਸੁਖਦਾਇਕ ਹੈ, ਜਿਸ ਵਿੱਚ ਤੇਰੇ ਵਚਨ ਤੋਂ ਬਿੰਨਾ ਹੋਰ ਕਿਸੇ ਵੀ ਚੀਜ ਵਿਚੋਂ ਸੁਖ ਨਹੀਂ ਲਿਆ ਜਾ ਸਕਦਾ । ਇਹ ਸਾਡੀ ਤੱਸਲੀ ਹੈ, ਇਹ ਤੇਰਾ ਵਾਅਦਾ ਹੈ । ਅਤੇ

ਤੇਰੇ ਵਾਅਦੇ ਵਿੱਚ, ਤੂੰ ਕਿਹਾ ਸੀ ਕਿ ਸਾਡੀਆਂ ਬੇਨਤੀਆਂ ਨੂੰ ਦੱਸੋ ਅਤੇ "ਜੇ ਤੁਸੀਂ ਮੇਰੇ ਨਾਮ ਵਿੱਚ ਕੁਝ ਵੀ ਮੰਗੋ, ਮੈਂ ਇਹ ਕਰਾਂਗਾ" । ਅਤੇ ਇਹ ਸਾਰੇ ਮਹਾਨ ਵਾਅਦੇ: "ਮੰਗੋ ਅਤੇ ਤੁਹਾਨੂੰ ਮਿਲੇਗਾ । ਇਸ ਪਹਾੜ ਨੂੰ ਕਹੋ, 'ਉੱਖੜ ਜਾ,' ਅਤੇ ਭਰਮ ਨਾ ਕਰੋ ਤਾਂ ਇਹ ਉੱਖੜ ਜਾਵੇਗਾ" । ਇਹ ਸਾਰੇ ਵਾਅਦੇ ਅਤੇ ਅਸੀਂ ਇਹਨਾਂ ਵਿਚੋਂ ਉਹ ਲੈ ਸਕਦੇ ਹਾਂ ਜੋ ਅਸੀਂ ਮੰਗ ਰਹੇ ਹਾਂ ।

26 ਹੱਥ ਉੱਪਰ ਗਏ ਹਨ, ਉਹਨਾਂ ਨੂੰ ਕਿਸੇ ਚੀਜ ਦੀ ਲੋੜ ਹੈ, ਪ੍ਰਭੂ । ਤੂੰ ਉਹਨਾਂ ਦੀਆਂ ਲੋੜਾਂ ਨੂੰ ਜਾਣਦਾ ਹੈ; ਇਹਨਾਂ ਦੀ ਪੂਰਤੀ ਕਰ, ਪਿਤਾ । ਮੈਂ ਆਪਣੀ ਪ੍ਰਾਰਥਨਾ ਉਹਨਾਂ ਦੇ ਨਾਲ ਤੇਰੇ ਅੱਗੇ ਰੱਖਦਾ ਹਾਂ, ਮੇਰਾ ਹੱਥ ਵੀ ਉਹਨਾਂ ਦੇ ਨਾਲ ਉੱਪਰ ਹੈ । ਇਸ ਮੇਜ ਉੱਤੇ ਰੁਮਾਲ ਪਏ ਹਨ । ਔਹ, ਕਿਵੇਂ ਲੋਕ ਵਿਸ਼ਵਾਸ ਨਾਲ, ਮਹਾਨ ਵਿਸ਼ਵਾਸ, ਪ੍ਰਭੂ,...ਇੰਝ ਲਗਦਾ ਹੈ ਜਿਵੇਂ ਕਿਸੇ ਚੀਜ ਨਾਲ ਤੂੰ ਮੈਨੂੰ ਬਰਕਤ ਦਿੱਤੀ ਹੈ, ਤਾਂ ਜੋ ਮੈਂ ਬਿਮਾਰਾਂ ਲਈ ਪ੍ਰਾਰਥਨਾ ਕਰ ਸਕਾਂ । ਜਿਥੇ ਕਿਤੇ ਵੀ, ਜਿਥੇ ਵੀ ਮੈਂ ਜਾਂਦਾ ਹਾਂ, ਬਿਮਾਰਾਂ ਲਈ ਪ੍ਰਾਰਥਨਾ ਕਰਨ ਬਾਰੇ ਕੁਝ ਤਾਂ ਹੈ । ਪਰਮੇਸ਼ੁਰ, ਹੁਣ ਮਦਦ ਕਰ । ਮੈਂ ਇਮਾਨਦਾਰੀ ਨਾਲ ਪ੍ਰਾਰਥਨਾ ਕਰਦਾ ਹਾਂ ਕਿ ਤੂੰ ਇਹ ਰੁਮਾਲ ਜੋ ਇਥੇ ਰਖੇ ਗਏ ਹਨ, ਇਹਨਾਂ ਦੇ ਪਿਛੇ ਜੋ ਵੀ ਬੇਨਤੀਆਂ ਹਨ ਤੂੰ ਉਹਨਾਂ ਲੋਕਾਂ ਨੂੰ ਬਖਸ ਦੇਵੇਂਗਾ ਜਿਹਨਾਂ ਲੋਕਾਂ ਨੇ ਮੰਗਿਆ ਹੈ । ਤੇਰੀ ਕਿਰਪਾ ਉਹਨਾਂ ਤੇ ਹੋਵੇ ।

27 ਪ੍ਰਭੂ, ਅਸੀਂ ਸਮਝਦੇ ਹਾਂ ਕਿ ਭੈਣ ਹਿੱਕਸ ਦੇ ਕੋਲ ਇਥੇ ਇੱਕ ਔਰਤ ਹੈ, ਜੋ ਕਿਸੇ ਜਗ੍ਹਾ ਤੋਂ ਹਵਾਈ ਯਾਤਰਾ ਕਰਕੇ ਪ੍ਰਾਰਥਨਾ ਕਰਾਉਣ ਲਈ ਆਈ ਹੈ, ਉਸਨੂੰ ਕੈਂਸਰ ਹੈ; ਅਤੇ ਜਾਣਨਾ ਚਾਹੁੰਦੀ ਹੈ ਕਿ ਉਹ ਉਸ ਨੂੰ ਇਥੇ ਲੈ ਕੇ ਆ ਸਕਦੀ ਹੈ । ਮੈਂ ਪ੍ਰਾਰਥਨਾ ਕਰਦਾ ਹਾਂ, ਪਰਮੇਸ਼ੁਰ ਕਿ ਤੂੰ ਉਸ ਸਖਸ ਦੀ ਜਿੰਦਗੀ ਨੂੰ ਬਚਾ ਲੈ; ਇਹ ਬਖਸ ਦੇ । ਮੇਰਾ ਛੋਟਾ ਭਤੀਜਾ, ਮਿਕੀ ਉਹ ਦੂਰ ਬੀਮਾਰ ਪਿਆ ਹੈ ਅਤੇ ਉਲਟੀਆਂ ਕਰ ਰਿਹਾ ਹੈ, ਉਸ ਨੂੰ ਤੇਜ ਬੁਖਾਰ ਹੈ; ਬੱਸ ਹੁਣੇ ਹੀ ਦਰਵਾਜੇ ਤੋਂ ਬਾਹਰ ਨਿੱਕਲ ਕੇ ਆਇਆ ਹਾਂ. ਪ੍ਰਭੂ, ਮੈਂ–ਮੈਂ ਵਿਸ਼ਵਾਸ ਕਰਦਾ ਹਾਂ ਕਿ ਅਸੀਂ ਉਥੇ ਵਿਸ਼ਵਾਸ ਦੀ ਪ੍ਰਾਰਥਨਾ ਕੀਤੀ ਅਤੇ ਤੂੰ ਇਸ ਤੋਂ ਰੋਕ ਦਿੱਤਾ ਹੈ, ਅਤੇ ਮੈਂ–ਮੈਂ–ਮੈਂ ਤੁਹਾਡਾ ਆਭਾਰੀ ਹਾਂ, ਕਿ ਮੈਂ ਉਸ ਕਮਰੇ ਨੂੰ ਛੱਡਣ ਤੋਂ ਪਹਿਲਾਂ ਇਹ ਮਹਿਸੂਸ ਕੀਤਾ ਕਿ ਬੁਖਾਰ ਲੜਕੇ ਨੂੰ ਛੱਡ ਕੇ ਜਾ ਰਿਹਾ ਸੀ ।

28 ਹੁਣ, ਪ੍ਰਭੂ,...ਅਤੇ ਇਹਨਾਂ ਸਭ ਚੀਜਾਂ ਦੇ ਲਈ ਤੇਰਾ ਧੰਨਵਾਦ ਕਰਦੇ ਹਾਂ । ਹੁਣ ਮੇਰੀ ਇਹ ਜਿੰਮੇਵਾਰੀ ਹੈ ਕਿ ਮੈਂ ਤੇਰੇ ਵਚਨ ਨੂੰ ਬੋਲਾਂ । ਸਾਨੂੰ ਆਪਣਾ ਵਚਨ ਦੇ, ਪ੍ਰਭੂ । "ਤੇਰਾ ਵਚਨ ਸੱਚਾਈ ਹੈ" । ਸਾਡੀਆਂ ਰੂਹਾਂ ਨੂੰ ਬਰਕਤ ਦੇ ਅਤੇ ਸਾਨੂੰ ਉਹ ਕਿਰਪਾ ਦੇ ਜਿਸ ਦੀ ਸਾਨੂੰ ਲੋੜ੍ਹ ਹੈ ਤਾਂ ਜੋ ਅੱਜ ਰਾਤ ਅਸੀਂ ਇਸ ਨੂੰ ਪਰਮੇਸ਼ੁਰ ਦੇ ਵਾਅਦਿਆਂ ਵਿਚੋਂ ਲੈ ਸਕੀਏ, ਵਚਨ ਵਿੱਚ, ਤਾਂ ਜੋ ਸਾਨੂੰ ਇਸ ਬਾਕੀ ਰਹਿੰਦੇ ਹਫਤੇ ਵਿੱਚ ਸੰਭਾਲੇ; ਇਹ ਬਖ਼ਸ ਦੇ । ਸਾਡੇ ਪਾਸਟਰ ਨੂੰ ਬਰਕਤ ਦੇ, ਇਹ ਬਹਾਦੂਰ ਰੂਹ, ਉਸਦੀ ਪਤਨੀ, ਉਸਦੇ ਬੱਚੇ, ਡੀਕਨ, ਟਰਸਟੀ ਅਤੇ ਹਰੇਕ ਸ਼ਖਸ ਜੋ ਇਸ ਇਮਾਰਤ ਵਿੱਚ ਆਂਦਾ ਜਾਂਦਾ ਹੈ; ਇਹ ਬਖ਼ਸ ਦੇ, ਪਿਤਾ । ਯਿਸੂ ਮਸੀਹ ਦੇ ਨਾਂ ਵਿੱਚ ਅਸੀਂ ਇਹਨਾਂ ਬਰਕਤਾਂ ਨੂੰ ਮੰਗਦੇ ਹਾਂ । ਆਮੀਨ ।

29 ਹੁਣ, ਮੈਂ ਪਰਮੇਸ਼ੁਰ ਦੀਆਂ ਲਿਖਤਾਂ ਵਿਚੋਂ ਦੋ ਥਾਂਵਾਂ ਤੋਂ ਪੜ੍ਹਨਾ ਚਾਹੁੰਦਾ ਹਾਂ । ਪਹਿਲਾਂ ਮੈਂ ਭਜਨਾਂ ਦੀ ਪੁਸਤਕ ਵਿਚੋਂ, 86ਵਾਂ ਭਜਨ ਪੜ੍ਹਨਾ ਚਾਹੁੰਦਾ ਹਾਂ । ਅਤੇ ਫਿਰ ਮੈਂ ਸੰਤ ਮੱਤੀ ਵਿਚੋਂ 16ਵਾਂ ਅਧਿਆਏ ਪੜ੍ਹਨਾ ਚਾਹੁੰਦਾ ਹਾਂ, 1 ਤੋਂ 3 । ਅਤੇ ਮੈਂ ਇਸ ਭਜਨ ਦੇ ਕੁਝ ਭਾਗ ਨੂੰ ਪੜ੍ਹਨਾ ਚਾਹੁੰਦਾ ਹਾਂ, ਇਹ ਸਾਰਾ ਨਹੀਂ ਪਰ 11ਵੀਂ ਆਇਤ ਤੱਕ, ਜੋ ਇਸ ਦੇ ਅੱਧ ਤੋਂ ਥੋੜਾ ਜਿਹਾ ਜਿਆਦਾ ਹੈ ।

30 ਅਤੇ ਮੈਂ ਇਹ ਐਲਾਨ ਕਰਨਾ ਚਾਹੁੰਦਾ ਹਾਂ, ਜੇ ਮੈਂ ਇਸ ਨੂੰ ਇੱਕ ਵਿਸ਼ਾ ਆਖਾਂ, ਇਸ ਤੋਂ ਪਹਿਲਾਂ ਕਿ ਮੈਂ ਇਹਦੇ ਤੇ ਪਰਚਾਰ ਕਰਾਂ: *ਏਕੀਕਰਨ ਦਾ ਸਮਾਂ ਅਤੇ ਨਿਸ਼ਾਨ* । "ਏਕੀਕਰਨ ਦਾ ਸਮਾਂ ਅਤੇ ਨਿਸ਼ਾਨ," ਇਹ ਇੱਕ ਕਿਸਮ ਦਾ ਗੁੰਝਲਦਾਰ ਜਿਹਾ ਲਗਦਾ ਹੈ । *ਏਕੀਕਰਨ*; ਸਮਝੇ? *ਸਮਾਂ*; ਏਕੀਕਰਨ ਦਾ ਸਮਾਂ, ਇਹ ਹੀ ਹੈ ਜੋ ਹੁਣ ਹੈ । ਅਤੇ ਉਸ ਏਕੀਕਰਨ ਦੇ ਸਮੇਂ ਦਾ *ਨਿਸ਼ਾਨ* ।

31 ਭਜਨ ਵਿੱਚ, ਦਾਊਦ ਦੀ ਇੱਕ ਪ੍ਰਾਰਥਨਾ, 86ਵਾਂ ਭਜਨ ।

*ਹੇ ਪ੍ਰਭੂ, ਆਪਣਾ ਕੰਨ ਝੁਕਾ, ਮੇਰੀ ਸੁਣ: ਕਿਉਂਕਿ ਮੈਂ ਕੰਗਾਲ ਅਤੇ ਜਰੂਰਤਮੰਦ ਹਾਂ ।*

*ਮੇਰੀ ਜਾਨ ਦੀ ਰੱਖਿਆ ਕਰ; ਕਿਉਂਕਿ ਮੈਂ ਪਵਿੱਤਰ ਹਾਂ: ਤੂੰ ਜੋ ਮੇਰਾ ਪਰਮੇਸ਼ੁਰ ਹੈਂ, ਆਪਣੇ ਸੇਵਕ ਨੂੰ ਬਚਾ ਜੋ ਤੇਰੇ ਵਿੱਚ ਭਰੋਸ਼ਾ ਰਖਦਾ ਹੈ ।*

*ਹੇ ਪ੍ਰਭੂ, ਮੇਰੇ ਉੱਤੇ ਕਿਰਪਾ ਕਰ; ਕਿਉਂਕਿ ਮੈਂ ਨਿੱਤ ਤੈਨੂੰ ਪੁਕਾਰਦਾ ਹਾਂ ।*

*ਆਪਣੇ ਸੇਵਕ ਦੇ ਮਨ ਨੂੰ ਅਨੰਦ ਕਰ: ਕਿਉਂਕਿ ਮੈਂ ਆਪਣਾ ਮੰਨ ਤੇਰੀ ਵਲ ਲਗਾਉਂਦਾ ਹਾਂ ।*

*ਹੇ ਪ੍ਰਭੂ, ਕਿਉਂਕਿ ਤੂੰ ਭਲਾ ਅਤੇ ਮਾਫ਼ ਕਰਨ ਵਾਲਾ ਹੈਂ; ਅਤੇ ਆਪਣੇ ਸਾਰੇ ਪੁਕਾਰਨ ਵਾਲਿਆਂ ਲਈ ਅੱਤ ਕਿਰਪਾਲੂ ਹੈਂ ।*

*ਹੇ ਪਰਮੇਸ਼ੁਰ, ਮੇਰੀ ਬੇਨਤੀ ਉੱਤੇ ਕੰਨ ਲਾ;...ਮੇਰੀਆਂ ਅਰਦਾਸਾਂ ਦੀ ਅਵਾਜ਼ ਵਲ ਧਿਆਨ ਕਰ ।*

*ਮੈਂ ਆਪਣੀ ਬਿਪਤਾ ਦੇ ਦਿਨ ਤੈਨੂੰ ਪੁਕਾਰਾਂਗਾ: ਕਿਉਂ ਜੋ ਤੂੰ ਮੈਨੂੰ ਉੱਤਰ ਦੇਵੇਂਗਾ ।*

ਔਹ, ਕੀ ਇਹ ਸੁੰਦਰ ਨਹੀਂ ਹੈ? "ਤੂੰ ਮੈਨੂੰ ਉੱਤਰ ਦੇਵੇਂਗਾ" ।

*ਹੇ ਪ੍ਰਭੂ, ਦੇਵਤਿਆਂ ਵਿੱਚ ਤੇਰੇ ਤੁੱਲ ਕੋਈ ਨਹੀਂ, ਤੇਰੇ ਕੰਮਾਂ ਵਰਗਾ ਕੋਈ ਕੰਮ ਨਹੀਂ ਹੈ ।*

*ਹੇ ਪ੍ਰਭੂ, ਉਹ ਸਾਰੀਆਂ ਕੌਮਾਂ ਜਿਨ੍ਹਾਂ ਨੂੰ ਤੂੰ ਸਾਜਿਆ, ਉਹ ਆਉਣਗੀਆਂ ਅਤੇ ਤੇਰੇ ਅੱਗੇ ਅਰਾਧਨਾ ਕਰਨਗੀਆਂ; ਤੂੰ ਆਪਣੇ ਨਾਮ ਨੂੰ ਮਹਿਮਾ ਦੇਵੇਂਗਾ ।*

*ਕਿਉਂਕਿ ਤੂੰ ਮਹਾਨ ਹੈਂ ਅਤੇ ਅਚਰਜ ਕੰਮ ਕਰਦਾ ਹੈਂ; ਇੱਕਲਾ ਤੂੰ ਹੀ ਪਰਮੇਸ਼ੁਰ ਹੈਂ ।*

ਹੁਣ ਸੁਣੋ ।

*ਹੇ ਪ੍ਰਭੂ, ਮੈਨੂੰ ਆਪਣਾ ਰਾਹ ਸਿਖਲਾ; ਮੈਂ ਤੇਰੀ ਸਚਿਆਈ ਵਿੱਚ ਚਲਾਂਗਾ: ਮੇਰੇ ਦਿਲ ਨੂੰ ਇਕਾਗਰ ਕਰ ਕਿ ਮੈਂ ਤੇਰੇ ਨਾਮ ਦਾ ਭੈ ਮੰਨਾ ।*

32 ਹੁਣ ਮੈਂ ਏਕੀਕਰਨ ਅਤੇ ਸਮੇਂ ਦੇ ਨਿਸ਼ਾਨ ਬਾਰੇ ਗਲ ਕਰ ਰਿਹਾ ਹਾਂ । ਹੁਣ, ਸੰਤ ਮੱਤੀ ਦੇ 16ਵੇਂ ਅਧਿਆਏ ਵਿੱਚ ।

*ਫ਼ਰੀਸੀਆਂ ਅਤੇ ਸਦੂਕੀਆਂ ਨੇ ਕੋਲ ਆਣ ਕੇ,...ਉਹਨੂੰ ਪਰਤਾਉਣ ਲਈ ਉਸ ਅੱਗੇ ਅਰਦਾਸ ਕੀਤੀ ਜੋ ਸਾਨੂੰ ਅਕਾਸ਼ ਵਲੋਂ ਕੋਈ ਨਿਸ਼ਾਨ ਵਿਖਾ ਦੇਹ ।*

*ਪਰ ਉਸ ਨੇ ਉਨ੍ਹਾਂ ਨੂੰ ਉੱਤਰ ਦਿੱਤਾ ਭਈ ਸੰਝ ਦੇ ਵੇਲੇ ਤੁਸੀਂ ਕਹਿੰਦੇ ਹੋ, ਮੈਂ... ਜੋ ਭਲਕੇ ਨਿੰਬਲ ਹੋਵੇਗਾ ਕਿਓਂਕਿ ਅਕਾਸ਼ ਲਾਲ ਹੈ ।*

*ਅਤੇ ਸਵੇਰ ਨੂੰ ਆਖਦੇ ਹੋ, ਅੱਜ ਹਨੇਰੀ ਵਗੇਗੀ ਕਿਓਂਕਿ ਅਕਾਸ਼ ਲਾਲ ਅਤੇ ਗਹਿਰਾ ਹੈ । ਹੇ ਪਖੰਡੀਓ, ਅਕਾਸ਼ ਦੇ ਤੌਰ ਭੋਰ ਦੀ ਜਾਚ ਕਰਨੀ ਤੁਹਾਨੂੰ ਆਉਂਦੀ ਹੈ ਪਰ ਸਮਿਆਂ ਦੇ ਨਿਸ਼ਾਨ ਮਲੂਮ ਨਹੀਂ ਕਰ ਸਕਦੇ?*

ਪ੍ਰਭੂ ਇਸ ਵਚਨ ਨੂੰ ਪੜ੍ਹੇ ਜਾਣ ਤੇ ਆਪਣੀ ਮਿਹਰਬਾਨ ਬਰਕਤ ਨੂੰ ਜੋੜ੍ਹ ਦਵੇ ।

33 ਹੁਣ, ਅਸੀਂ ਇਸ ਏਕੀਕਰਨ ਦੀ ਗਲ ਕਰ ਰਹੇ ਹਾਂ, ਏਕੀਕਰਨ ਦਾ ਸਮਾਂ; ਏਕੀਕਰਨ ਦੇ ਸਮੇਂ ਦਾ ਨਿਸ਼ਾਨ । ਵੇਖੋ, ਯਿਸੂ ਇਸ ਆਖਰੀ ਆਇਤ ਵਿੱਚ, ਉਹ ਪਾਦਰੀਵਰਗ ਨੂੰ ਝਿੜਕ ਰਿਹਾ ਸੀ ਕਿਓਂਕਿ ਉਹ ਸਮੇਂ ਦੇ ਨਿਸ਼ਾਨ ਨੂੰ ਮਲੂਮ ਨਹੀਂ ਕਰ ਸਕੇ । ਹੁਣ, ਇਹ ਲੋਕਾਂ ਦੇ ਲਈ ਹਮੇਸ਼ਾ ਹੀ ਇੱਕ ਬਹੁੱਤ ਵੱਡੀ ਗਲ ਰਹੀ ਹੈ, ਸਮਝੇ, ਕਿ *ਜਿਸ ਸਮੇਂ ਵਿੱਚ ਤੁਸੀਂ ਰਹਿ ਰਹੇ ਹੋ ਓਸ ਸਮੇਂ ਦੇ ਨਿਸ਼ਾਨ* ਦੇ ਭੇਤ ਨੂੰ ਪਛਾਣ ਸਕਣ; ਕਿਓਂਕਿ ਪਰਮੇਸ਼ੁਰ ਇਸ ਨੂੰ ਇੰਨਾ ਸਾਫ਼ ਲਿਖਦਾ ਹੈ ਤਾਂ ਕਿ ਕੋਈ ਵੀ ਇਸ ਤੋਂ ਅਣਜਾਣ ਨਹੀਂ ਰਹਿ ਸਕਦਾ ।

34 ਹੁਣ, ਆਮ ਤੌਰ ਤੇ, ਮੈਂ ਪਿਛਾਂਹ ਜਾਂਦਾ ਹਾਂ ਅਤੇ ਦੂਸਰੇ ਸੇਵਕਾਂ, ਬਾਈਬਲ ਦੇ ਸਮੇਂ ਵਿੱਚ ਪ੍ਰਭੂ ਦੇ ਦੂਸਰੇ ਸੇਵਕਾਂ ਦੇ ਨਿਸ਼ਾਨਾਂ ਨੂੰ ਲੈਂਦਾ ਹਾਂ (ਜਿਵੇਂ ਨੂਹ ਦੇ ਸਮੇਂ ਦਾ ਨਿਸ਼ਾਨ, ਦਾਨੀਏਲ ਦੇ ਸਮੇਂ ਦਾ ਨਿਸ਼ਾਨ ਅਤੇ ਇਸ ਤਰ੍ਹਾਂ, ਵਖਰੇ ਵਖਰੇ ਨਿਸ਼ਾਨ), ਪਰ ਅੱਜ ਰਾਤ ਮੈਂ ਸਮਾਂ ਬਚਾਉਣ ਲਈ ਇਹਨਾਂ ਸਭਨਾਂ ਨੂੰ ਛੱਡਦਾ ਹੋਇਆ ਅਗੇ ਵਧਾਂਗਾ...ਪਰ ਪਰਮੇਸ਼ੁਰ ਦਾ ਹਮੇਸ਼ਾ ਹੀ ਇਹੀ ਤਰੀਕਾ ਰਿਹਾ ਹੈ, ਉਹ ਉਹਨਾਂ ਨੂੰ ਸਮੇਂ ਦਾ ਇੱਕ ਸੁਭਾਵਿਕ ਨਿਸ਼ਾਨ ਦਿੰਦਾ ਸੀ, ਤਾਂ ਜੋ ਹਰ ਕੋਈ ਜਾਣ ਜਾਵੇ ਕਿ ਇਹ ਕੀ ਸਮਾਂ ਸੀ । ਅਤੇ ਇਹਨਾਂ ਫਰੀਸ਼ੀਆਂ ਨੂੰ ਆਪਣੇ ਸਮੇਂ ਨੂੰ ਜਾਣਨਾ ਚਾਹੀਦਾ ਸੀ । ਉਹਨਾਂ ਨੂੰ ਇਹ ਪਤਾ ਹੋਣਾ ਚਾਹੀਦਾ ਸੀ ਕਿ ਇਹ ਕਿਹੜਾ ਸਮਾਂ ਸੀ । ਉਹਨੇ ਕਿਸੇ ਹੋਰ ਜਗ੍ਹਾ ਤੇ ਕਿਹਾ, "ਜੇਕਰ ਤੁਸੀਂ ਮੈਨੂੰ ਜਾਣਦੇ, ਤਾਂ ਤੁਸੀਂ ਮੇਰੇ ਦਿਨ ਨੂੰ ਜਾਣ ਲੈਂਦੇ" । ਵੇਖਿਆ? ਇਹ ਇੱਕ ਬਹੁਤ ਹੀ ਮਹਾਨ ਗਲ ਹੈ ਜਿਸ ਨੂੰ ਅਸੀਂ ਸਮਝਦੇ ਹਾਂ । ਸਮਝੇ, "ਸਮਝ ਤੋਂ ਬਗੈਰ!" ।

35 ਇਸੇ ਲਈ ਹੀ ਉਹ ਹਮੇਸਾ ਨਬੀਆਂ ਦਾ ਹਵਾਲਾ ਦਿੰਦੇ ਸਨ, ਉਹਨਾ ਕਿਹਾ, "ਅਤੇ ਉਹਦੇ ਕੋਲ ਪਰਮੇਸ਼ੁਰ ਦੇ ਦਰਸ਼ਨਾਂ ਦੇ ਦੁਆਰਾ ਸਮਝ ਸੀ । ਅਤੇ ਪਰਮੇਸ਼ੁਰ ਦਾ ਵਚਨ ਪ੍ਰਾਚੀਨ ਨਬੀਆਂ ਦੇ ਕੋਲ ਆਇਆ" । ਸਮਝੇ, ਉਹਨਾਂ ਕੋਲ ਪਰਮੇਸ਼ੁਰ ਦੇ ਵਚਨ ਦੇ ਦੁਆਰਾ, ਨਬੀਆਂ ਦੁਆਰਾ ਸਮਝ ਸੀ, । ਅਤੇ ਫਿਰ ਨਬੀ ਇੱਕ ਨਿਸ਼ਾਨ ਵਿਖਾਉਂਦੇ ਹਨ । ਜਿਵੇਂ, ਇੱਕ ਆਦਮੀ ਆਪਣੇ ਇੱਕ ਪਾਸੇ ਬਹੁਤ ਦੇਰ ਤੱਕ ਲੇਟਿਆ ਰਿਹਾ ਫਿਰ ਪਰਤ ਕੇ ਦੂਸਰੇ ਪਾਸੇ ਲੇਟ ਗਿਆ । ਇੱਕ ਆਦਮੀ ਨੂੰ ਉਹਦੇ ਕਪੜੇ ਉਤਾਰਨੇ ਪੈਂਦੇ ਸਨ । ਅਤੇ ਔਹ, ਉਹਨਾਂ ਨੇ ਅਜਿਹੀਆਂ ਬਹੁਤ ਸਾਰੀਆਂ ਚੀਜਾਂ ਕੀਤੀਆਂ ਤਾਂ ਜੋ ਉਹ ਓਸ ਸਮੇਂ ਦੇ ਨਿਸ਼ਾਨ ਨੂੰ ਵਿਖਾ ਸਕਣ ਜਿਸ ਵਿੱਚ ਉਹ ਰਹਿ ਰਹੇ ਸਨ । ਅਤੇ ਹੁਣ ਅਸੀਂ ਜਾਣਦੇ ਹਾਂ ਕਿ ਉਹ ਪਰਮੇਸ਼ੁਰ ਜਿਸ ਨੇ ਧਰਤੀ ਅਤੇ ਅਕਾਸ਼ ਨੂੰ ਬਣਾਇਆ ਹੈ, ਅਤੇ ਆਪਣੇ ਕੰਮ ਨੂੰ ਅਜਿਹਾ ਕੀਤਾ ਕਿ ਉਹ ਆਪਣੇ ਸਮੇਂ ਦਾ ਨਿਸ਼ਾਨ ਦੁਆਰਾ ਵਰਣਨ ਕਰੇ, ਕਿ ਉਹੀ ਪਰਮੇਸ਼ੁਰ ਅੱਜ ਵੀ ਜਿਉਂਦਾ ਹੈ । ਇਸ ਲਈ ਅਸੀਂ ਵੀ, ਕੁਝ...ਜਿਵੇਂ ਅਸੀਂ ਉਸ ਸਮੇਂ ਨੂੰ ਵੇਖਦੇ ਹਾਂ ਜਿਸ ਵਿੱਚ ਅਸੀਂ ਰਹਿ ਰਹੇ ਹਾਂ, ਇਥੇ ਕੁਝ ਤਾਂ ਹੋਣਾ ਚਾਹੀਦਾ ਹੈ ਜਿਸਦੀ ਕੋਈ ਨਿਗਰਾਨੀ ਕਰ ਰਿਹਾ ਹੈ, ਕਿਸੇ ਜਗ੍ਹਾ ਤੇ । ਸਮਝੇ? ਕਿਓਂਕਿ ਪਰਮੇਸ਼ੁਰ ਸਾਨੂੰ ਇੱਕ ਪੁਖਤਾ ਨਿਸ਼ਾਨ ਦੇਣ ਤੋਂ ਬਗੈਰ ਕਦੇ ਵੀ ਇਹ ਚੀਜਾਂ ਨਹੀਂ ਹੋਣ ਦੇ ਸਕਦਾ, ਜਿਸ ਨੂੰ ਕਿਤੇ, ਜਿਸ ਨੂੰ ਅਸੀਂ ਸਮਝ ਸਕੀਏ ।

36 ਹੁਣ ਅੱਜ ਇਹ ਗਲ ਹੈ ਕਿ ਪਾਦਰੀ ਵਰਗ, ਅਸੀਂ ਇਸ ਨੂੰ ਸਹੀ ਨਹੀਂ ਪੜ੍ਹਦੇ ਹਾਂ। ਇਹ ਉਸੇ ਤਰ੍ਹਾਂ ਹੀ ਹੈ ਜਿਵੇਂ ਉਦੋਂ ਸੀ, ਉਹ ਨਹੀਂ ਸੋਚਦੇ ਸੀ ਕਿ ਇਹ ਸਮਾਂ ਸੀ। ਉਹ ਸੋਚ ਰਹੇ ਸਨ ਕਿ ਉਹ ਬਹੁਤ ਸ਼ਾਂਤੀ ਨਾਲ ਰਹਿ ਰਹੇ ਸਨ, ਅਤੇ ਇਸ ਲਈ ਉਹ ਕਿਸੇ ਮਸੀਹਾ ਨੂੰ ਨਹੀਂ ਉਡੀਕ ਰਹੇ ਸਨ। ਅਤੇ ਯਿਸੂ ਨੇ ਕਿਹਾ ਹੈ ਕਿ "ਜਿਵੇਂ ਇੱਕ ਚੋਰ ਰਾਤ ਨੂੰ" ਦੇ ਵਾਂਗ ਉਹਦਾ ਆਉਣਾ ਹੋਵੇਗਾ, ਜੱਦ ਲੋਕ ਉਹਦੀ ਆਮਦ ਤੋਂ ਅਣਜਾਣ ਹੋਣਗੇ। ਪਰ ਉਥੇ ਕੁਝ ਕੁਆਰੀਆਂ ਸਨ ਜੋ ਉਹਦੇ ਮਿਲਣ ਨੂੰ ਚਲੀਆਂ ਗਈਆਂ, ਉਹਨਾਂ ਵਿਚੋਂ ਅੱਧੀਆਂ, ਉਹਨਾਂ ਦੀਆਂ ਮਸ਼ਾਲਾਂ ਵਿੱਚ ਤੇਲ ਸੀ ਅਤੇ ਤਿਆਰ ਸਨ; ਉਹ ਉਸ ਨਿਸ਼ਾਨ ਲਈ ਵੇਖ ਰਹੀਆਂ ਸਨ। ਅਤੇ ਮੈਂ ਅੱਜ ਰਾਤ ਉਹਨਾਂ ਨਾਲ ਹੀ ਬੋਲ ਰਿਹਾ ਹਾਂ, ਸਮਝੇ, ਉਹਨਾਂ ਨਾਲ ਜੋ ਹੁਣ ਨਿਸ਼ਾਨ ਲਈ ਵੇਖ ਰਹੇ ਹਨ, ਉਹਦੇ ਆਉਣ ਦਾ ਨਿਸ਼ਾਨ।

37 ਇਹ ਨਿਸ਼ਾਨ ਪ੍ਰਭੂ ਦੁਆਰਾ ਦਿੱਤੇ ਗਏ ਹਨ, ਸਿਰਫ ਵਿਸ਼ਵਾਸੀਆਂ ਨੂੰ ਹੀ ਦਿੱਤੇ ਗਏ ਹਨ। ਅਵਿਸ਼ਵਾਸੀ ਇਸ ਨੂੰ ਕਦੇ ਨਹੀਂ ਵੇਖਦੇ। ਉਹ ਠੀਕ ਇਹਨਾਂ ਦੇ ਉਪਰੋਂ ਦੀ ਨਿਕਲ ਜਾਂਦੇ ਹਨ ਅਤੇ ਉਹ ਇਹ ਨਹੀਂ ਵੇਖਦੇ। ਅਤੇ ਹੁਣ, ਇਹ ਇੰਨਾ ਯਕੀਨੀ ਹੋ ਸਕਦਾ ਹੈ ਕਿ ਪਰਮੇਸ਼ੁਰ ਦਾ ਦੂਤ ਅੱਜ ਰਾਤ ਇਸ ਮੰਚ ਤੇ ਖੜਾ ਹੋਵੇ, ਉਨਾ ਹੀ ਸੱਚ ਜਿਵੇਂ ਮੈਂ ਤੁਹਾਡੇ ਵਲ ਵੇਖ ਰਿਹਾ ਹਾਂ ਅਤੇ ਹੋ ਸਕਦਾ ਹੈ ਮੈਂ ਉਸ ਵਲ ਵੇਖ ਰਿਹਾ ਹੋਵਾਂ; ਜਾਂ ਤੁਸੀਂ ਉਸ ਨੂੰ ਵੇਖ ਸਕਦੇ ਹੋ ਅਤੇ ਮੈਂ ਉਸ ਨੂੰ ਨਹੀਂ ਵੇਖ ਸਕਦਾ ਜਾਂ ਮੈਂ ਉਸ ਨੂੰ ਵੇਖ ਸਕਦਾ ਹਾਂ ਅਤੇ ਤੁਸੀਂ ਉਹਨੂੰ ਨਹੀਂ ਵੇਖ ਸਕਦੇ। ਹੁਣ, ਤੁਸੀਂ ਜਾਣਦੇ ਹੋ ਇਹ ਲਿਖਤਾਂ ਦੇ ਅਨੁਸਾਰ ਹੈ; ਠੀਕ ਇਹ ਹੀ ਸਚਾਈ ਹੈ। ਉਹਨਾਂ ਵੇਖਿਆ...ਤੁਸੀਂ ਜਾਣਦੇ ਹੋ ਪੌਲੁਸ ਹੇਠਾਂ ਡਿੱਗ ਗਿਆ, ਪਰ ਉਹ...ਉਹਨਾਂ ਵਿਚੋਂ ਕੋਈ ਵੀ ਉਸ ਪ੍ਰਕਾਸ਼ ਨੂੰ ਨਹੀਂ ਵੇਖ ਸਕਿਆ।

38 ਉਹ ਪ੍ਰਕਾਸ਼ ਉਥੇ ਵੀ ਸੀ ਜਦੋਂ ਯੂਹੰਨਾ ਭੀੜ ਦੇ ਸਾਹਮਣੇ ਖੜਾ ਸੀ, ਅਤੇ ਉਥੇ ਨਦੀ ਦੇ ਕਿਨਾਰੇ ਹਜਾਰਾਂ ਦੀ ਗਿਣਤੀ ਵਿੱਚ ਪਾਦਰੀਵਰਗ ਅਤੇ ਸੰਤ ਅਤੇ ਮਹਾਨ ਮਨੁੱਖ ਸਨ। ਅਤੇ ਯੂਹੰਨਾ ਨੇ ਕਿਹਾ, ਉਹਨੇ ਆਪ ਹੀ, ਪਰਮੇਸ਼ੁਰ ਦਾ ਆਤਮਾ ਕਬੂਤਰ ਦੀ ਨਿਆਈ ਉਤਰਦੇ ਵੇਖਣ ਅਤੇ ਉਸ ਉੱਤੇ ਠਹਿਰਦੇ ਵੇਖਣ ਦੀ ਗਵਾਹੀ ਦਿੱਤੀ ਅਤੇ ਇੱਕ ਆਵਾਜ ਇਹ ਕਹਿੰਦੇ ਸੁਣੀ, "ਇਹ ਮੇਰਾ ਪਿਆਰਾ ਪੁੱਤਰ ਹੈ ਜਿਸ ਦੇ ਵਿੱਚ ਰਹਿ ਕੇ ਮੈਂ ਪ੍ਰਸੰਨ ਹਾਂ"। ਅਤੇ ਯੂਹੰਨਾ ਤੋਂ ਬਿੰਨਾ ਹੋਰ ਕਿਸੇ ਨਾ ਵੇਖਿਆ। ਸਮਝੇ? ਇਹ ਸਿਰਫ ਉਸ ਦੇ ਲਈ ਸੀ।

39 ਕੀ ਤੁਸੀਂ ਧਿਆਨ ਦਿੱਤਾ ਕਿ ਗਿਆਨੀ ਮਨੁੱਖਾਂ ਦੇ ਲਈ ਕਿੰਨਾ ਸਪਸ਼ਟ ਨਿਸ਼ਾਨ ਸੀ? ਉਹਨਾਂ ਵੇਖਿਆ, ਉਥੇ...ਉਹ ਇਬਰਾਨੀ ਸਨ। ਉਹ ਅਸਲ ਵਿੱਚ ਭਾਰਤੀ ਖਗੋਲਸ਼ਾਸਤ੍ਰੀ ਨਹੀ ਸਨ, ਉਹ ਇਬਰਾਨੀ ਸਨ, ਕਿਓਂਕਿ ਉਹ ਉਸ ਦੇਸ਼ ਵਿੱਚ ਖਗੋਲ-ਵਿਦਿਆ ਦਾ ਅਧਿਐਨ ਕਰ ਰਹੇ ਸਨ, ਉਹ ਉਥੇ ਆਪਣੀ ਤਾਲੀਮ ਪੂਰੀ ਕਰ ਰਹੇ ਸਨ। ਅਤੇ ਜਦੋਂ ਉਹਨਾਂ... ਯਰੂਸ਼ਲਮ ਵਲ ਵੇਖਿਆ, ਅਤੇ ਇਹ ਜਾਣਦੇ ਹੋਏ ਕਿ ਉਨ੍ਹਾਂ ਨੇ ਤਿੰਨ ਸਿਤਾਰਿਆਂ ਨੂੰ ਵੇਖਿਆ ਅਤੇ ਇਹ ਜਾਣਦੇ ਹੋਏ ਕਿ ਉਨ੍ਹਾਂ ਨੇ ਉਹ ਤਿੰਨ ਤਾਰਿਆਂ ਨੂੰ ਹਾਮ ਸੇਮ ਅਤੇ ਯਾਫਥ ਦੇ ਜਨਮ-ਮਾਰਗ ਤੇ ਆਉਂਦੇ ਹੋਏ ਵੇਖਿਆ ਹੈ, ਜਿਸ ਨਸਲ ਵਿਚੋਂ ਉਹ ਆਏ ਸਨ ਅਤੇ ਉਨ੍ਹਾਂ ਤਾਰਿਆਂ ਨੂੰ ਆਪਣੇ ਜਨਮ ਦੇ ਮਾਰਗ ਤੇ ਵੇਖਿਆ। ਇਹ ਉਹਨਾਂ ਲਈ ਇੱਕ ਨਿਸ਼ਾਨ ਸੀ, ਕਿ ਜਦੋਂ ਉਹ ਸਿਤਾਰੇ ਕਤਾਰ ਵਿੱਚ ਸਨ, ਮਸੀਹਾ ਧਰਤੀ ਉੱਤੇ ਸੀ।

40 ਔਹ, ਮੇਰੇ! ਕੋਈ ਹੈਰਾਨੀ ਨਹੀਂ ਕਿ ਉਹ ਆਏ, "ਉਹ ਕਿੱਥੇ ਹੈ? ਯਹੂਦੀਆਂ ਦਾ ਰਾਜਾ ਕਿਥੇ ਹੈ ਜਿਹਨੇ ਜਨਮ ਲਿਆ ਹੈ? ਅਸੀਂ ਪੂਰਬ ਵਿੱਚ ਉਹਦਾ ਸਿਤਾਰਾ ਵੇਖਿਆ ਹੈ ਅਤੇ ਅਸੀਂ ਉਹਦੀ ਉਪਾਸਨਾ ਕਰਨ ਲਈ ਆਏ ਹਾਂ। ਉਹ ਕਿੱਥੇ ਹੈ?" ਉਹ ਜਾਣਦੇ ਸਨ ਕਿ

ਉਹ ਨਵਜਾਤ ਮਸੀਹਾ ਕਿਤੇ ਨਾ ਕਿਤੇ ਪਿਆ ਸੀ, ਕਿਓਂਕਿ ਪਰਮੇਸੁਰ ਨੇ ਉਹਨਾਂ ਨੂੰ ਸਮੇਂ ਦਾ ਨਿਸ਼ਾਨ ਦਿੱਤਾ ਸੀ ਕਿ ਪਰਮੇਸ਼ੁਰ ਅਤੇ ਮਨੁੱਖ ਇੱਕ ਹੋ ਰਹੇ ਸਨ। ਕਿਹੋ ਜਿਹੀ ਏਕਤਾ ਹੈ, ਜਦੋਂ ਪਰਮੇਸ਼ੁਰ ਨੇ ਆਪਣੇ ਆਪ ਨੂੰ ਮਨੁੱਖੀ ਸ਼ਰੀਰ ਨਾਲ ਇੱਕ ਕਰ ਲਿਆ! ਪ੍ਰਮੁੱਖ, ਅੱਜ ਤੱਕ ਜਿੰਨੇ ਵੀ ਏਕੀਕਰਨ ਕੀਤੇ ਗਏ ਉਹਨਾਂ ਵਿਚੋਂ ਸਭ ਤੋਂ ਮਹਾਨ, ਜਦੋਂ ਪਰਮੇਸ਼ੁਰ ਨੇ ਆਪਣੇ ਆਪ ਨੂੰ ਮਨੁੱਖ ਨਾਲ ਇੱਕ ਕੀਤਾ; ਅਤੇ ਪਰਮੇਸ਼ੁਰ ਹੋਣ ਦੀ ਲੰਮੀ ਥਕਾਨ ਨੂੰ ਛੱਡ ਦਿੱਤਾ ਅਤੇ ਆਪਣਾ ਤੰਬੂ ਅਗੇ ਵਧਾਇਆ ਅਤੇ ਮਾਨਵਤਾ ਨੂੰ ਲੈ ਲਿਆ ਅਤੇ ਉਹਨਾਂ ਵਿਚੋਂ ਇੱਕ ਬਣ ਗਿਆ ਤਾਂ ਕਿ ਉਹਨਾਂ ਨੂੰ ਛੁੱਡਾ ਸਕੇ। ਏਕਤਾ। ਇਹ ਕੀ ਹੈ? ਇਹ ਪਰਮੇਸ਼ੁਰ ਅਤੇ ਮਨੁੱਖ ਵਿੱਚ ਹਮੇਸ਼ਾ ਲਈ ਸ਼ਾਂਤੀ ਲੈ ਆਈ; ਅਸੀਂ ਕਿੰਨੇ ਧੰਨਵਾਦੀ ਹਾਂ।

41 ਅਤੇ ਨਿਸ਼ਾਨ ਨਹੀਂ ਭੇਜੇ ਗਏ ਸਨ...ਹੁਣ ਜਰਾ ਸੋਚੋ, ਹਰੇਕ ਮਨੁੱਖ ਅਤੇ ਸਾਰੇ ਜੋਤਸ਼ੀ; ਉਨ੍ਹਾਂ ਦਿਨਾਂ ਵਿੱਚ ਤਾਰੇ ਹੀ ਲੋਕਾਂ ਦੀ ਘੜੀ ਹੁੰਦੇ ਸਨ। ਮਿਨਾਰ ਦੇ ਉੱਤੇ ਇੱਕ ਪਹਿਰੇਦਾਰ ਹੁੰਦਾ ਸੀ ਅਤੇ ਉਹ ਉਪਰ ਜਾਂਦਾ ਸੀ ਅਤੇ ਵੇਖਦਾ ਸੀ। ਅਤੇ ਉਹ ਵੇਖਦਾ ਸੀ ਜੱਦ ਕੁਝ ਖਾਸ ਤਾਰੇ ਇੱਕ ਖਾਸ ਸਰੂਪ ਵਿੱਚ ਲੰਘ ਰਹੇ ਹੁੰਦੇ ਸਨ, ਉਹ ਜਾਣਦਾ ਸੀ ਕਿ ਇਹ ਕਿਹੜਾ ਸਮਾਂ ਸੀ। ਤੁਹਾਨੂੰ ਪਵਿੱਤਰ ਲਿਖਤਾਂ ਵਿੱਚ ਯਾਦ ਹੈ, "ਰਾਖੇ, ਇਹ ਕਿਹੜਾ ਸਮਾਂ ਹੈ?" ਅਤੇ ਰਾਖਾ ਵਾਪਸ ਆਇਆ ਅਤੇ ਉਹਨੂੰ ਦੱਸਿਆ ਕਿ ਇਹ ਕਿਹੜੀ ਘੜੀ ਸੀ। ਸਮਝੇ, ਉਹ ਤਾਰਿਆਂ ਨਾਲ ਸਮੇਂ ਦਾ ਹਿਸਾਬ ਰਖਦੇ ਸਨ।

42 ਹੁਣ, ਕੀ ਇਹ ਅਜੀਬ ਗਲ ਨਹੀਂ ਹੈ ਕਿ ਇਹ ਤਾਰੇ ਉਹਨਾਂ ਤਿੰਨ ਮਨੁੱਖਾਂ ਨੂੰ ਕਤਾਰ ਵਿੱਚ ਦਿੱਸ ਰਹੇ ਸਨ ਅਤੇ ਹੋਰ ਕਿਸੇ ਨੇ ਵੀ ਇਹ ਨਾ ਵੇਖਿਆ? ਸਮਝੇ? ਬਿਲਕੁਲ ਠੀਕ ਤਰ੍ਹਾਂ ਨਾਲ ਕਤਾਰ ਵਿੱਚ। ਹੁਣ, ਤੁਸੀਂ ਵੀ ਇਸ ਤਰ੍ਹਾਂ ਲਿਖਤਾਂ ਦੇ ਨਾਲ ਕਤਾਰ ਵਿੱਚ ਹੋ ਸਕਦੇ ਹੋ। ਸਮਝੇ? ਜੱਦ ਉਹ ਤਾਰੇ ਇੱਕਠ ਵਿੱਚ ਆ ਗਏ, ਆਪਣੇ ਆਪ ਨੂੰ ਇੱਕ ਸਰੂਪ ਵਿੱਚ ਇੱਕਠੇ ਕਰ ਲਿਆ, ਤਿੰਨ ਮਨੁੱਖ ਵੀ ਉਸੇ ਸਮੇਂ ਇੱਕਠੇ ਹੋ ਗਏ। ਅਤੇ ਤੁਸੀਂ ਵੀ ਇਸ ਤਰਾਂ ਪਰਮੇਸ਼ੁਰ ਨਾਲ ਇੱਕ ਹੋ ਸਕਦੇ ਹੋ, ਉਹਦੇ ਵਚਨ ਵਿੱਚ, ਜੱਦ ਤਕ ਇਹ ਚੀਜਾਂ ਅਸਲੀਅਤ ਨਹੀਂ ਬਣ ਜਾਂਦੀਆਂ, ਅਤੇ ਤੁਸੀਂ ਉਹਨਾਂ ਨੂੰ ਵੇਖ ਸਕਦੇ ਹੋ ਅਤੇ ਜਾਣ ਜਾਵੋਗੇ ਕਿ ਉਹ ਸੱਚ ਹਨ। ਸਮਝੇ? ਸਮੇਂ ਦਾ ਨਿਸ਼ਾਨ! ਤੁਸੀਂ ਇਸ ਨੂੰ ਵੇਖ ਕੇ ਕਹਿ ਸਕਦੇ ਹੋ, "ਆਹ, ਬਕਵਾਸ!"

43 ਪਰ ਤੁਹਾਡੇ ਲਈ ਇਹ ਬਕਵਾਸ ਨਹੀਂ ਹੈ। ਤੁਹਾਡੇ ਲਈ, ਤੁਸੀਂ ਵਚਨ ਨਾਲ ਇੱਕ ਹੋ, ਅਤੇ ਇਥੇ ਇਹ ਹੈ। ਭਾਈ ਪੈਟ, ਤਾਂ ਫਿਰ ਇਹ ਰੋਸ਼ਨੀ ਹੀ ਹੈ, ਜਦੋਂ–ਜਦੋਂ–ਜਦੋਂ–ਜਦੋਂ ਤੁਸੀਂ ਇਸ ਨਿਸ਼ਾਨ ਨੂੰ ਵਿਸ਼ਵਾਸੀ ਨਾਲ ਇੱਕ ਹੁੰਦੇ ਹੋਏ ਵੇਖਦੇ ਹੋ। ਅਤੇ ਮੈਂ ਉਹਨਾਂ ਲੋਕਾਂ ਨਾਲ ਹੀ ਗਲ ਕਰ ਰਿਹਾ ਹਾਂ ਜੋ ਵਿਸ਼ਵਾਸੀ ਹਨ, ਕਿਓਂਕਿ ਅਵਿਸ਼ਵਾਸੀ ਇਹਨੂੰ ਕਦੇ ਨਹੀਂ ਵੇਖ ਸਕਦੇ। ਅਤੇ ਜੇ ਅੱਜ ਉਹ ਧਰਤੀ ਉੱਤੇ ਹੁੰਦਾ ਤਾਂ ਇਹ ਕਿੰਨੀ ਵੱਡੀ ਤਾੜਨਾ ਹੁੰਦੀ; ਅੱਜ ਦੇ ਸਾਡੇ ਬਹੁਤ ਸਾਰੇ ਪਾਦਰੀ ਵਰਗ ਦੇ ਲਈ, ਜੋ ਇਸ ਨਿਸ਼ਾਨ ਨੂੰ ਨਹੀਂ ਪੜ੍ਹ ਸਕਦੇ; ਉਹ ਨਿਸ਼ਾਨ ਜਿਹਨਾਂ ਨੂੰ ਅਸੀਂ ਹਰ ਰੋਜ ਇਸ ਡੇਰੇ ਵਿੱਚ ਪੜ੍ਹ ਰਹੇ ਹਾਂ ਅਤੇ ਚੀਜਾਂ ਨੂੰ ਵੇਖ ਰਹੇ ਹਾਂ। ਅਤੇ ਹੋਰ ਇਹਨਾਂ ਨੂੰ ਪੜ੍ਹ ਰਹੇ ਹਨ ਅਤੇ ਦੀਵਾਰ ਉੱਤੇ ਹਸਤਲੇਖ ਨੂੰ ਵੇਖ ਰਹੇ ਹਨ, ਅਤੇ ਫਿਰ ਵੀ ਬਹੁਤ ਸਾਰੇ ਇਸ ਨੂੰ ਨਜਰਅੰਦਾਜ ਕਰਦੇ ਹਨ, ਅਤੇ ਇਸ ਨੂੰ ਜਰਾ ਵੀ ਨਹੀਂ ਵੇਖਦੇ। ਇਹ ਉਹਨਾਂ ਲਈ ਕੁਝ ਵੀ ਨਹੀਂ ਹਨ; ਉਹ ਇਹਦੇ ਤੇ ਧਿਆਨ ਨਹੀਂ ਕਰਦੇ।

44 ਹੁਣ ਧਿਆਨ ਦਿਓ, ਕਿ ਉਸ ਨੇ ਕੌਮੀ ਨਿਸ਼ਾਨਾਂ ਵਲ ਇਸ਼ਾਰਾ ਕੀਤਾ। ਹੁਣ, ਜਦ ਉਹਨਾਂ ਨੇ ਓਸ ਨੂੰ ਇਸ ਬਾਰੇ ਪੁਛਿਆ, ਉਹ ਨਿਸ਼ਾਨ ਚਾਹੁੰਦੇ ਸਨ ਅਤੇ ਉਸ ਨੇ ਉਹਨਾਂ ਨੂੰ ਨਿਸ਼ਾਨ

ਦਿੱਤੇ ਜੋ ਹੋਏ ਸਨ । ਅਤੇ ਉਹ ਜਾਣਨਾ ਚਾਹੁੰਦੇ ਸਨ ਕਿ ਜਗਤ ਦਾ ਅੰਤ ਕਦੋਂ ਹੋਵੇਗਾ, ਅੰਤ ਦੇ ਸਮੇਂ ਦਾ ਕੀ ਨਿਸ਼ਾਨ ਹੋਵੇਗਾ । ਅਤੇ ਉਸਨੇ ਉਹਨਾਂ ਨੂੰ ਪਵਿੱਤਰ ਲਿਖਤਾਂ ਦੁਆਰਾ ਕੌਮੀ ਨਿਸ਼ਾਨਾਂ ਬਾਰੇ ਕਈ ਜਗ੍ਹਾ ਤੇ ਇਸ਼ਾਰਾ ਕੀਤਾ, ਆਕਾਸ਼ ਵਿੱਚ ਆਕਾਸ਼ ਦੇ ਨਿਸ਼ਾਨਾਂ ਬਾਰੇ ਅਤੇ ਧਰਤੀ ਦੇ ਨਿਸ਼ਾਨਾਂ; ਉਹ ਉਹਨਾਂ ਨੂੰ ਨਿਸ਼ਾਨ, ਨਿਸ਼ਾਨ, ਨਿਸ਼ਾਨ ਅਤੇ ਲਗਾਤਾਰ ਨਿਸ਼ਾਨ ਦਿੰਦਾ ਰਿਹਾ । ਅਤੇ ਜਦ ਉਹਨੇ ਇੱਕ ਜਗ੍ਹਾ ਤੇ ਉਹਨਾਂ ਨੂੰ ਇੱਕ ਕੌਮੀ ਨਿਸ਼ਾਨ ਬਾਰੇ ਦਸਿਆ, ਉਹਨੇ ਕਿਹਾ, “ਜੱਦ ਤੁਸੀਂ ਕੌਮਾਂ ਨੂੰ” ਵੇਖਿਆ “ਯਰੂਸ਼ਲਮ ਦੁਆਲੇ ਇੱਕਠੇ ਹੁੰਦਿਆਂ ਹੋਇਆਂ ਵੇਖੋ” ਸਮਝੇ, ਤੱਦ ਅਸੀਂ ਜਾਣ ਲਵਾਂਗੇ ਕਿ ਉਹਨਾਂ ਦੀ ਮੁਸੀਬਤ ਦਾ ਸਮਾਂ ਨੇੜੇ ਹੈ, “ਜਦੋਂ ਤੁਸੀਂ ਯਰੂਸ਼ਲਮ ਨੂੰ ਫੋਜਾਂ ਦੁਆਰਾ ਘਿਰਿਆ ਹੋਇਆ ਵੇਖੋ” ।

45 ਹੁਣ, ਇਸ ਤੋਂ ਪਹਿਲਾਂ ਉਹ ਇਹ ਕਰ ਸਕਦੇ, ਪਰਮੇਸ਼ੁਰ...ਸੰਸਾਰ ਨੂੰ ਏਕਤਾ ਵਿੱਚ ਆਉਣਾ ਸੀ । ਤੀਤੁਸ, ਇਸ ਮਹਾਨ ਰੋਮੀ ਜਨਰਲ ਨੂੰ ਆਪਣੀਆਂ ਫੋਜਾਂ ਇੱਕਠੀਆਂ ਕਰਨੀਆਂ ਪਈਆਂ ਅਤੇ ਇਹਨਾਂ ਯਹੂਦੀਆਂ ਨੂੰ ਘੇਰਿਆ ਜੱਦ ਉਹਨਾਂ ਨੇ ਪਰਮੇਸ਼ੁਰ ਵਲੋਂ ਦਿੱਤੇ ਗਏ ਸਮੇਂ ਦੇ ਨਿਸ਼ਾਨ ਨੂੰ ਰੱਦ ਦਿੱਤਾ । ਇਹ ਉਹ ਸਮਾਂ ਸੀ ਜੱਦ ਤੀਤੁਸ ਨੇ ਆਪਣੀਆਂ ਫੋਜਾਂ ਇੱਕਠੀਆਂ ਕੀਤੀਆਂ, ਅਤੇ ਸ਼ਹਿਰ ਤੇ ਕਬਜਾ ਕਰਨ ਲਈ ਆਇਆ । ਇਸ ਤੋਂ ਪਹਿਲਾਂ ਉਸ ਜਗ੍ਹਾ ਤੇ ਪਰਮੇਸ਼ੁਰ ਦੇ (ਅਖਵਾਉਣ ਵਾਲੇ) ਲੋਕਾਂ ਦਾ ਪਰਮੇਸ਼ੁਰ ਦੇ ਵਚਨ ਦੇ ਵਿਰੋਧ ਲਈ ਏਕੀਕਰਨ ਹੋਣਾ ਸੀ, ਇਸ ਤੋਂ ਪਹਿਲਾਂ ਕਿ ਕੌਮਾਂ ਆਪਣੇ ਆਪ ਨੂੰ ਪਰਮੇਸ਼ੁਰ ਦੇ ਲੋਕਾਂ ਦੇ ਵਿਰੁਧ ਇੱਕ ਕਰਦੀਆਂ । ਸਮਝੇ, ਏਕੀਕਰਨ, ਇੱਕ ਏਕੀਕਰਨ; ਇੱਕ ਦੂਜੇ ਨਾਲ ਏਕੀਕਰਨ ।

46 ਮੈਂ ਵਿਸ਼ਵਾਸ ਕਰਦਾ ਹਾਂ ਕਿ ਅਸੀਂ ਇੱਕ ਮਹਾਨ ਏਕੀਕਰਨ ਦੇ ਸਮੇਂ ਵਿੱਚ ਰਹਿ ਰਹੇ ਹਾਂ । ਮੈਂ ਇਸ ਲਾਲ ਬੱਤੀ ਨੂੰ ਲੈ ਰਿਹਾ ਹਾਂ ਅਤੇ ਸੰਕੇਤ ਦੇ ਰਿਹਾ ਹਾਂ ਅਤੇ ਸਭ ਕੁਝ (ਔਰਤਾਂ ਬਾਰੇ ਜੋ ਉਹ ਕਰਦੀਆਂ ਹਨ; ਅਤੇ ਆਦਮੀ, ਉਹ ਕੀ ਕਰਦੇ ਹਨ ਅਤੇ ਕਲੀਸਿਯਾ, ਉਹ ਕੀ ਕਰਦੀਆਂ ਹਨ), ਇਸ ਛੋਟੇ ਝੁੰਡ ਨੂੰ ਦੱਸ ਰਿਹਾ ਹਾਂ, ਆਪਣੇ ਪੂਰੇ ਦਿਲ ਨਾਲ ਕਿ ਮੈਂ ਵਿਸ਼ਵਾਸ ਕਰਦਾ ਹਾਂ ਕਿ ਅਸੀਂ ਇਸ ਮਹਾਨ ਭਵਿੱਖਬਾਨੀ ਕੀਤੇ ਹੋਏ ਸਮੇਂ ਵਿੱਚ ਪਰਮੇਸ਼ੁਰ ਦੀ ਵਚਨ ਦੀ ਕਤਾਰ ਵਿੱਚ ਜਾ ਰਹੇ ਹਾਂ, ਠੀਕ ਪ੍ਰਭੂ ਯਿਸੂ ਦੀ ਆਮਦ ਤੋ ਪਹਿਲਾਂ; ਇਕਠੇ ਹੋ ਰਹੇ ਹਾਂ ਅਤੇ ਤਿਆਰ ਹੋ ਰਹੇ ਹਾਂ ।

47 ਹੁਣ, ਤੁਸੀਂ ਵੇਖਦੇ ਹੋ, ਤੀਤੁਸ ਦੇ ਕੌਮਾਂ ਨੂੰ ਇੱਕਠੇ ਕਰਨ ਤੋਂ ਪਹਿਲਾਂ...ਆਪਣੀਆਂ ਫੌਜਾਂ ਨੂੰ ਇੱਕਠੇ ਕਰਨ ਤੋਂ ਪਹਿਲਾਂ, ਇਸਰਾਏਲ ਨੇ ਆਪਣੇ ਆਪ ਨੂੰ ਇੱਕ ਕਰ ਲਿਆ ਅਤੇ ਆਪਣੇ ਆਪ ਨੂੰ ਇੱਕਠੇ ਕਰ ਲਿਆ ਕਿ ਉਹ ਇਹ ਵਿਸ਼ਵਾਸ ਨਹੀਂ ਕਰਣਗੇ ਕਿ ਯਿਸੂ ਮਸੀਹ ਮਸੀਹਾ ਹੈ । ਉਹਨਾਂ ਓਸ ਨੂੰ ਰੱਦ ਦਿੱਤਾ ਅਤੇ ਉਹਨੂੰ ਬਾਹਰ ਕੱਢ ਦਿੱਤਾ ਅਤੇ ਉਹਨੂੰ ਸੂਲੀ ਤੇ ਚਾੜ ਦਿੱਤਾ । ਅਤੇ ਫਿਰ, ਜੱਦ ਉਹਨਾਂ ਨੇ ਮੁਕਤੀ ਨੂੰ ਰੱਦ ਦਿੱਤਾ ਜਿਹੜੀ ਉਹਨਾਂ ਲਈ ਭੇਜੀ ਗਈ ਸੀ, ਉਹਨਾਂ ਨੇ ਇਹ ਕਰਨ ਦੇ ਲਈ ਆਪਸ ਵਿੱਚ ਏਕਾ ਕੀਤਾ । ਹੁਣ, ਇਹ ਆਪਣੇ ਦਿਮਾਗ ਵਿੱਚ ਰਖਣਾ: ਇਸ ਘੜੀ ਦੇ ਸੰਦੇਸ਼ ਨੂੰ ਠੁਕਰਾਉਣ ਦੇ ਲਈ, ਆਪਸ ਵਿੱਚ ਏਕਾ ਕਰਨਾ! ਉਹਨਾਂ ਨੂੰ ਇਹ ਕਰਨਾ ਹੀ ਸੀ । ਅਤੇ ਫੇਰ, ਜੱਦ ਉਹਨਾਂ ਨੇ ਇਹ ਕੀਤਾ, ਤੱਦ ਕੌਮੀ ਨਿਸ਼ਾਨ ਆ ਗਿਆ ।

48 ਕੌਮਾਂ ਨੇ ਆਪਸ ਵਿੱਚ ਇੱਕਠੇ ਹੋਣਾ ਸ਼ੁਰੂ ਕਰ ਦਿਤਾ ਅਤੇ ਤੀਤੁਸ ਰੋਮੀਆਂ ਅਤੇ ਯੂਨਾਨੀਆਂ ਦੀ ਵੱਡੀ ਫੌਜ ਲੈ ਕੇ ਆਇਆ ਅਤੇ ਯਰੂਸ਼ਲਮ ਦੀਆਂ ਕੰਧਾਂ ਨੂੰ ਘੇਰ ਲਿਆ, ਉਹਨਾਂ ਲੋਕਾਂ ਨੂੰ ਘੇਰੇ ਵਿੱਚ ਲੈ ਲਿਆ, ਅਤੇ ਉਹ ਭੁੱਖ ਨਾਲ ਮਰ ਗਏ । ਉਹਨਾਂ ਦਰਖਤਾਂ

ਦੇ ਛਿੱਲੜਾਂ ਨੂੰ ਖਾਧਾ । ਜੋਸੀਫ਼ਸ, ਇੱਕ ਮਹਾਨ ਇਤਿਹਾਸਕਾਰ ਸਾਨੂੰ ਇਹ ਦੱਸਦਾ ਹੈ । ਅਤੇ ਉਹਨਾਂ ਨੇ ਧਰਤੀ ਤੋਂ ਘਾਹ ਖਾਧਾ । ਏਥੋਂ ਤੱਕ ਕਿ ਉਹਨਾਂ ਨੇ ਇੱਕ ਦੂਜੇ ਦੇ ਬੱਚਿਆਂ ਨੂੰ ਉਬਾਲਿਆ ਅਤੇ ਖਾਧਾ; ਵੇਖਿਆ, ਜਿਵੇਂ ਉਹ ਲੋਕ ਪਾਗਲ ਸਨ । ਅਤੇ ਫਿਰ ਜਦੋਂ, ਅੰਤ ਵਿੱਚ, ਤੀਤੁਸ, ਉਹ ਯਰੂਸ਼ਲਮ ਦੁਆਲੇ ਪਹਾੜੀ ਉੱਤੇ ਬੈਠਾ ਸੀ, ਅਤੇ–ਅਤੇ ਉਹ ਲੋਕ ਸੋਚ ਰਹੇ ਸਨ ਕਿ ਉਹ ਪਰਮੇਸ਼ੁਰ ਦੀ ਇੱਛਾ ਅਨੁਸਾਰ ਕਰ ਰਹੇ ਸਨ, ਜਦੋਂ ਉਹਨਾਂ ਨੇ ਫੌਜਾਂ ਨੂੰ ਅੰਦਰ ਆਉਂਦੇ ਵੇਖਿਆ । ਉਹਨਾਂ ਨੇ ਓਸ ਮਹਾਨ ਸਵਾਮੀ, ਪ੍ਰਭੂ ਯਿਸੂ ਨੂੰ ਸੁਣਨ ਤੋਂ ਇਨਕਾਰ ਕਰ ਦਿੱਤਾ ਸੀ ਜਿਸ ਨੇ ਉਹਨਾਂ ਨੂੰ ਇਹ ਦੱਸਿਆ ਸੀ ।

49 ਉਥੇ ਉਹਨਾਂ ਮਸੀਹੀਆਂ ਵਿਚੋਂ ਇੱਕ ਵੀ ਨਹੀਂ ਫੱਸਿਆ ਸੀ, ਕਿਓਂਕਿ ਉਹਨਾਂ ਨੇ ਨਿਸ਼ਾਨ ਨੂੰ ਵੇਖ ਲਿਆ ਅਤੇ ਭੱਜ ਗਏ ਸਨ । ਵੇਖਿਆ? ਉਹਨਾਂ ਕਿਹਾ, "ਉਹ ਜੋ ਕੋਠੇ ਉੱਤੇ ਹੋਵੇ ਹੇਠਾਂ ਨਾ ਆਵੇ ਜਾਂ ਜਿਹੜਾ ਖੇਤ ਵਿੱਚ ਹੋਵੇ ਆਪਣੇ ਕਪੜੇ ਲੈਣ ਪਿਛਾਂਹ ਨਾ ਮੁੜੇ; ਪਰ ਯਹੂਦਿਯਾ ਤੋਂ ਭੱਜ ਜਾਣ ਅਤੇ ਪ੍ਰਾਰਥਨਾ ਕਰੋ ਕਿ ਤੁਹਾਡਾ ਭੱਜਣਾ ਸਿਆਲ ਵਿੱਚ ਜਾਂ ਸਬਤ ਦੇ ਦਿਨ ਨਾ ਹੋਵੇ"। ਕਿਓਂਕਿ, ਸਿਆਲ ਵਿੱਚ ਪਹਾੜੀਆਂ ਬਰਫ਼ ਨਾਲ ਭਰੀਆਂ ਹੋਣਗੀਆਂ ਅਤੇ ਸਬਤ ਦੇ ਦਿਨ, ਦਰਵਾਜਾ—ਦਰਵਾਜੇ ਬੰਦ ਹੁੰਦੇ ਸਨ, ਦਰਵਾਜਾ, ਅਤੇ ਉਹ ਉਸ ਹਾਲਤ ਵਿੱਚ ਫੜੇ ਜਾਣਗੇ । ਸਮਝੇ? ਅਸੀਂ ਉਸ ਬਾਰੇ ਬਹੁਤ ਛੇਤੀ...ਪਰਮੇਸ਼ੁਰ ਕਿਵੇਂ ਉਹ ਕੰਮ ਕਰਦਾ ਹੈ, ਜੇਕਰ ਪਰਮੇਸ਼ੁਰ ਦੀ ਇੱਛਾ ਹੈ ।

50 ਹੁਣ ਧਿਆਨ ਦਿਓ, ਉਹ...ਉਹਨਾਂ ਪ੍ਰਾਰਥਨਾ ਕੀਤੀ ਕਿ ਇਹ...ਇਸ ਤਰ੍ਹਾਂ ਨਾ ਹੋਵੇ, ਯਿਸੂ ਨੇ ਉਹਨਾਂ ਨੂੰ ਇਸ ਲਈ ਪ੍ਰਾਰਥਨਾ ਕਰਨ ਲਈ ਕਿਹਾ ਸੀ ਅਤੇ ਉਹਨਾਂ ਵਿਚੋਂ ਇੱਕ ਵੀ ਉਥੇ ਨਹੀਂ ਫੜਿਆ ਗਿਆ । ਉਹ ਜਾ ਚੁਕੇ ਸਨ ਕਿਓਂਕਿ ਉਹਨਾਂ ਨੇ ਨਿਸ਼ਾਨ ਵਲ੍ਹ ਵੇਖਿਆ ਅਤੇ ਉਹ ਚਲੇ ਗਏ ਸਨ; ਇਸ ਦੇ ਲਈ ਉਥੇ ਇਨਾ ਹੀ ਸੀ ।

51 ਔਹ, ਕਲੀਸਿਯਾਵਾਂ ਨੂੰ ਕਿਵੇਂ ਉਸ ਸਮੇਂ ਦੇ ਨਿਸ਼ਾਨ ਨੂੰ ਵੇਖਣਾ ਚਾਹੀਦਾ ਹੈ ਜਿਸ ਵਿੱਚ ਅਸੀਂ ਰਹਿ ਰਹੇ ਹਾਂ! ਜਿੰਨੀ ਤਾਕਤ ਨਾਲ ਤੁਸੀਂ ਕਲਵਰੀ ਵਲ੍ਹ ਦੌੜ ਸਕਦੇ ਹੋ, ਦੌੜੋ, ਜੀਵਨ ਦੇ ਲਈ; ਕਿਸੇ ਗਿਰਜੇ ਵਲ੍ਹ ਨਹੀਂ ਪਰ ਯਿਸੂ ਮਸੀਹ ਵਲ੍ਹ । ਆਪਣੇ ਆਪ ਨੂੰ ਉਸ ਨਾਲ ਇੱਕ ਕਰ ਲਵੋ ਅਤੇ ਕਿਸੇ ਸੰਸਥਾ ਜਾਂ ਕਿਸੇ ਗਿਰਜੇ ਦੀ ਵਿਚਾਰਧਾਰਾ ਦੇ ਨਾਲ ਨਹੀਂ । ਮਸੀਹ ਨਾਲ ਇੱਕ ਹੋ ਜਾਵੋ ਅਤੇ ਇਹ ਯਕੀਨੀ ਬਣਾਓ ਕਿ ਇਹ ਉਹ ਹੈ । ਤੁਸੀਂ ਬੱਸ ਕਿਸੇ ਵੀ ਚੀਜ ਨੂੰ ਨਹੀਂ ਲੈ ਸਕਦੇ, ਤੁਹਾਨੂੰ ਇਸ ਲਈ ਨਿਸ਼ਚਿਤ ਹੋਣਾ ਚਾਹੀਦਾ ਹੈ ਕਿ ਇਹ ਉਹ ਹੈ । ਕਿਸ ਤਰਾਂ ਦਾ ਏਕਤਾ ਦਾ ਸਮਾਂ ਹੈ!

52 ਹੁਣ, ਸਾਨੂੰ ਪਤਾ ਲਗਦਾ ਹੀ ਕਿ ਉਹਨਾਂ ਨੇ ਮਸੀਹਾ ਨੂੰ ਰੱਦ ਦਿੱਤਾ ਅਤੇ ਆਪਸ ਵਿੱਚ ਏਕਾ ਕੀਤਾ ਅਤੇ ਆਪਸ ਵਿੱਚ ਇੱਕ ਗਠਜੋੜ ਬਣਾਇਆ ਅਤੇ ਇੱਕ...ਆਪਸ ਵਿੱਚ ਇੱਕ ਚਾਲ ਬਣਾਈ ਕਿ ਜੇ ਕਿਸੇ ਵੀ ਮਨੁੱਖ ਨੇ ਯਿਸੂ ਨੂੰ ਇੱਕ ਨਬੀ ਕਰਕੇ ਸਵੀਕਾਰ ਕੀਤਾ ਤਾਂ ਉਹ ਉਸ ਨੰ ਕਲੀਸਿਯਾ ਵਿਚੋਂ ਛੇਕ ਦੇਣਗੇ । ਤੁਹਾਨੂੰ ਉਸ ਅਨ੍ਹੇ ਲੜਕੇ ਬਾਰੇ ਯਾਦ ਹੈ ਜੋ ਅੰਨੀਆਂ ਅੱਖਾਂ ਨਾਲ ਬੈਠਾ ਸੀ? ਅਤੇ ਚੇਲਿਆਂ ਨੇ ਕਿਹਾ, "ਕਿਹਨੇ ਪਾਪ ਕੀਤਾ? ਉਸ ਨੇ ਜਾਂ ਉਹਦੇ ਮਾਤਾ ਪਿਤਾ ਵਿਚੋਂ ਕਿਸੇ ਨੇ?"

53 ਅਤੇ ਯਿਸੂ ਨੇ ਕਿਹਾ, "ਇਸ ਮਾਮਲੇ ਵਿੱਚ, ਕਿਸੇ ਨੇ ਨਹੀਂ ਪਰ ਇਸ ਲਈ ਕਿ ਪਰਮੇਸ਼ੁਰ ਦਾ ਕੰਮ ਕੀਤਾ ਜਾਵੇ ਅਤੇ ਪ੍ਰਗਟ ਕੀਤਾ ਜਾਵੇ" ।

54 ਅਤੇ ਯਾਦ ਕਰੋ, ਉਹਨਾਂ ਕਿਹਾ ਕਿ ਮਾਤਾ ਅਤੇ ਪਿਤਾ ਕੁਝ ਨਾ ਕਹਿ ਸਕੇ । ਉਹਨਾਂ ਕਿਹਾ, "ਉਹ ਜਾਣਦੇ ਹਨ ਕਿ ਇਹ ਉਹਨਾਂ ਦਾ ਪੁੱਤਰ ਹੈ, ਪਰ ਅਸੀਂ ਨਹੀਂ ਜਾਣਦੇ ਕਿ ਉਹ ਕਿਵੇਂ ਚੰਗਾ ਹੋਇਆ" । ਕਿਉਂਕਿ ਯਹੂਦੀਆਂ ਨੇ ਕਿਹਾ ਸੀ ਕਿ ਜੇ ਕਿਸੇ ਸ਼ਖਸ ਨੇ ਇਹ ਸਵੀਕਾਰ ਕੀਤਾ ਕਿ ਉਹ ਨਬੀ ਹੈ ਤਾਂ ਉਹ ਛੇਕ ਦਿੱਤਾ ਜਾਵੇਗਾ ।

55 ਪਰ, ਤੁਸੀਂ ਵੇਖਦੇ ਹੋ, ਪਰਮੇਸ਼ੁਰ ਦਾ ਕੰਮ ਇਹ ਸੀ ਕਿ ਇਹ ਲੜਕਾ ਉਸ ਝੁੰਡ ਨਾਲ ਸੰਬੰਧ ਨਹੀਂ ਰਖਦਾ ਸੀ । ਅਤੇ ਉਹਨੇ ਕਿਹਾ, "ਹੁਣ, ਮੇਰੇ ਲਈ ਇਹ ਇੱਕ ਅਜੀਬ ਗਲ ਹੈ ਕਿ ਤੁਸੀਂ ਇਹ ਨਹੀਂ ਜਾਣਦੇ ਜੋ ਇਹ ਮਨੁੱਖ ਕਿਥੋਂ ਆਇਆ ਹੈ ਪਰ ਫਿਰ ਵੀ ਉਹਨੇ ਮੇਰੀਆਂ ਅੱਖਾਂ ਖੋਲ ਦਿੱਤੀਆਂ" । ਸਮਝੇ? ਹੁਣ, ਉਹ ਇਹ ਕਹਿ ਸਕਦਾ ਸੀ । ਵੇਖਿਆ, ਇਹ ਪਰਮੇਸ਼ੁਰ ਦਾ ਕੰਮ ਸੀ । ਉਹ ਚੰਗਾ ਕੀਤਾ ਗਿਆ ਸੀ ਅਤੇ ਉਹ ਇਹ ਦੱਸ ਸਕਦਾ ਸੀ ਕਿਉਂਕਿ ਉਹ ਕਿਸੇ ਵੀ ਜਗ੍ਹਾ ਤੋਂ ਕਿਸੇ ਵੀ ਰੱਸੀ ਨਾਲ ਬੱਧਾ ਹੋਇਆ ਨਹੀਂ ਸੀ । ਉਹ ਹੀ ਸੀ ਜਿਸ ਉੱਤੇ ਕਰਾਮਾਤ ਹੋਈ ਸੀ ਅਤੇ ਉਹਨੇ ਯਕੀਨਨ ਵੇਖਿਆ...ਆਪਣੀ ਜਿੰਦਗੀ ਵਿੱਚ ਪਹਿਲੀ ਵਾਰ ।

56 ਹੁਣ, ਯਹੂਦੀਆਂ ਨੇ ਆਪਸ ਵਿੱਚ ਯਿਸੂ ਅਤੇ ਉਹਦੇ ਮਸੀਹਾ ਹੋਣ ਅਤੇ ਉਹਦੇ ਮਸੀਹੀ ਸੰਦੇਸ਼ ਦੇ ਖਿਲਾਫ਼ ਏਕਾ ਕੀਤਾ । ਅਸੀਂ ਹੁਣ ਉਹੀ ਚੀਜ ਹੁੰਦੇ ਹੋਏ ਵੇਖਦੇ ਹਾਂ, ਬਿਲਕੁਲ ਹੋਈ ਚੀਜ । ਸਾਮਵਾਦ ਅਰਥਾਤ ਸਭ ਚੀਜਾਂ ਵਿੱਚ ਸਭ ਦਾ ਬਰਾਬਰ ਅਧਿਕਾਰ ਰਖਣ ਦਾ ਸਿਧਾਂਤ ਕਲੀਸਿਯਾ ਨੂੰ ਤਬਾਹ ਕਰਨ ਲਈ ਏਕਾ ਕਰ ਰਿਹਾ ਹੈ, ਅਤੇ ਇੱਕ ਹੀ ਤਰੀਕਾ ਹੈ ਕਿ ਇਹ...ਉਸ ਤੋਂ ਬਾਅਦ, ਜੱਦ ਕਲੀਸਿਯਾ ਵੀ ਆਪਣੇ ਆਪ ਨੂੰ ਇੱਕਮੁੱਠ ਕਰ ਲੈਂਦੀ ਹੈ, ਕਲਿਸਿਯਾਵਾਂ ਦੀ ਸਭਾ ਵਿੱਚ, ਵਰਲਡ ਕੌਂਸਿਲ ਆਫ ਚਰਚਿਸ (World Council Of Churches), ਤਾਂ ਕਿ ਸੰਦੇਸ਼ ਦਾ, ਵਚਨ ਦਾ ਇਨਕਾਰ ਕਰਨ ਅਤੇ ਇਸ ਨੂੰ ਤਬਾਹ ਕਰਨ! ਉਹਨਾਂ ਨੇ ਸੰਦੇਸ਼ ਦਾ ਇਨਕਾਰ ਕਰ ਦਿੱਤਾ, ਕਲਿਸਿਯਾਵਾਂ ਨੇ ਕੀਤਾ ਹੈ! ਉਹ ਇਹਨੂੰ ਸਵੀਕਾਰ ਨਹੀਂ ਕਰ ਸਕਦੇ ਕਿਉਂਕਿ ਇਹ ਉਹਨਾਂ ਦੀ ਫਿਰਕਾਪ੍ਰਸਤ ਵਿਚਾਰਧਾਰਾ ਦੇ ਉਲਟ ਹੈ; ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਕਿੰਨੇ ਅੱਗ ਦੇ ਥਮ੍ਹ ਸਾਡੇ...ਲੋਕਾਂ ਦੇ ਵਿਚਕਾਰ ਦਿੱਸਦੇ ਹਨ ਜਾਂ ਕਿੰਨੇ ਹੀ ਲੋਕ...ਕਿੰਨੀਆਂ ਹੀ ਚੀਜਾਂ ਪਹਿਲਾਂ ਤੋਂ ਦੱਸੀਆਂ ਜਾਣ ਅਤੇ ਹੋ ਜਾਣ ਅਤੇ ਉਹ ਸਾਰੇ ਮਹਾਨ ਨਿਸ਼ਾਨ ਜਿਹਨਾਂ ਦਾ ਵਾਅਦਾ ਉਹਨੇ ਅੰਤ ਦੇ ਦਿਨਾਂ ਲਈ ਕੀਤਾ ਸੀ; ਉਹ ਇਹ ਨਹੀਂ ਕਰ ਸਕਦੇ ।

57 ਇਸ ਲਈ, ਹੁਣ ਉਹ ਆਪਣੇ ਆਪ ਨੂੰ ਇੱਕ ਕਰ ਰਹੇ ਹਨ, ਅਤੇ ਤੁਹਾਡੇ ਪਾਸਟਰ ਅਤੇ ਬਹੁਤ ਸਾਰੇ ਤੁਹਾਨੂੰ ਇਹ ਦੱਸ ਸਕਦੇ ਹਨ, ਇਹ ਪੜ੍ਹਿਆ ਜਾ ਰਿਹਾ ਹੈ ਕਿ ਉਹ...ਉਹ ਸਾਰੇ ਸੰਸਾਰ ਦੇ ਗਿਰਜਿਆਂ ਨੂੰ ਮਿਲਾ ਰਹੇ ਹਨ । ਅਤੇ...ਇੱਕ ਲੂਥਰਣ ਸੇਵਕ ਇਹ ਕਰ ਰਿਹਾ ਹੈ । ਇਹ ਕਿ ਜੇ ਇਥੇ ਕੋਈ ਆਫ਼ਤ ਆਉਂਦੀ ਹੈ, ਇਸ ਇਲਾਕੇ ਵਿੱਚ ਕੁਝ ਹੁੰਦਾ ਹੈ; ਜੇ ਅਸੀਂ ਉਸ ਸਮੇਲਨ ਦੇ ਨਾਲ ਜੁੜੇ ਹੋਏ ਨਹੀਂ ਹਾਂ ਤਾਂ ਸਾਡਾ ਗਿਰਜਾ ਅਗਾਂਹ ਤੋਂ ਗਿਰਜਾ ਨਹੀਂ ਰਹੇਗਾ ਅਤੇ ਉਹ ਇਸ ਨੂੰ ਇੱਕ ਗੁਦਾਮ ਦੇ ਵਾਂਗ ਵਰਤ ਸਕਦੇ ਹਨ । ਜਾਂ ਫਿਰ ਸਾਡੇ ਭਰਾਵਾਂ ਵਿਚੋਂ ਇੱਕ ਜੇ ਕਿਸੇ ਨੂੰ ਮਰਦਾ ਹੋਇਆ ਜਾਂ ਜ਼ਖ਼ਮੀ ਵੇਖੇ ਅਤੇ ਆਤਮਿਕ ਦਾਨਾਂ ਦੁਆਰਾ ਉਹਦੀ ਸੇਵਾ ਕਰਨ ਦੀ ਕੌਸ਼ਿਸ ਕਰੇ ਤਾਂ ਸਾਨੂੰ ਇਸ ਲਈ ਗੋਲੀ ਮਾਰੀ ਜਾ ਸਕਦੀ ਹੈ; ਬਿਲਕੁਲ ਸਹੀ । ਸਾਨੂੰ ਫ਼ੇਡਰਲ ਜੇਲ ਵਿੱਚ ਕਿਸੇ ਵੀ ਤਰ੍ਹਾਂ ਦੀ ਸੇਵਕਾਈ ਕਰਨ ਲਈ ਦੱਸ ਸਾਲ ਦੇ ਕੈਦ ਹੋ ਸਕਦੀ ਹੈ ਕਿਉਂਕਿ ਅਸੀਂ ਓਸ ਸਾਰੇ ਗਿਰਜਿਆਂ ਦੇ ਸਮੇਂਲਨ ਦਾ ਹਿੱਸਾ ਨਹੀਂ ਹਾਂ । ਕੀ ਤੁਸੀਂ ਪਸ਼ੂ ਦੀ ਛਾਪ ਨੂੰ ਵੇਖ ਰਹੇ ਹੋ? ਸਮਝੇ? ਸਮਝੇ?

58 ਹੁਣ, ਅਸੀਂ ਇਸ ਏਕੀਕਰਨ ਦੇ ਸਮੇਂ ਨੂੰ ਆਉਂਦੇ ਹੋਏ ਵੇਖ ਰਹੇ ਹਾਂ। ਸਮਝੇ? ਹੁਣ, ਵੇਖੋ! ਅਤੇ ਫੇਰ ਕਲੀਸਿਯਾ ਨੇ ਆਪਣੇ ਆਪ ਨੂੰ ਸੰਦੇਸ਼ ਦੇ ਵਿਰੋਧ ਵਿੱਚ ਇੱਕ ਕਰ ਲਿਆ ਹੈ; ਅਤੇ ਜੱਦ ਉਹ ਇਹ ਕਰਦੀ ਹੈ, ਕੌਮਾਂ ਆਪਸ ਵਿੱਚ ਸਾਮਵਾਦ ਵਿੱਚ ਏਕਾ ਕਰ ਰਹੀਆਂ ਹਨ ਤਾਂ ਕਿ ਫਿਰ ਤੋਂ ਕਲੀਸਿਯਾ ਨੂੰ ਤਬਾਹ ਕਰੇ; ਠੀਕ ਉਸੇ ਤਰ੍ਹਾਂ ਜਿਵੇਂ ਇਸ ਨੇ ਪਹਿਲੀ ਵਾਰ ਕੀਤਾ ਸੀ। ਸਮਝੇ? ਇਹ ਆਪਣੇ ਆਪ ਨੂੰ ਫਿਰ ਤੋਂ ਦੁਹਰਾਉਂਦੀ ਹੈ।

59 ਪਹਿਲਾਂ ਇਸਰਾਇਲ ਨੇ ਸੰਦੇਸ਼ ਨੂੰ ਰੱਦਣਾ ਸੀ। ਅਤੇ ਫਿਰ ਜਦ ਉਹਨਾਂ ਸੰਦੇਸ਼ ਨੂੰ ਰੱਦ ਦਿੱਤਾ, ਫਿਰ ਫੌਜ, ਕੋਮਾਂਤਰੀ ਜੀਵਨ (ਦੂਸਰੇ ਦੇਸ਼ਾਂ ਦੀਆਂ) ਨੇ ਆਪਸ ਵਿੱਚ ਏਕਾ ਕਰ ਲਿਆ ਅਤੇ ਅੰਦਰ ਆਈਆਂ ਅਤੇ ਕਲੀਸਿਯਾ ਨੂੰ ਤਬਾਹ ਕਰ ਦਿੱਤਾ। ਅਤੇ ਅੱਜ, ਉਹਨਾਂ ਨੇ ਪ੍ਰਭੂ ਯਿਸੂ ਦੇ ਸੰਦੇਸ਼ ਨੂੰ ਰੱਦ ਦਿੱਤਾ ਹੈ, ਅਤੇ ਉਹਨਾਂ ਇਹਨੂੰ ਰੱਦ ਦਿੱਤਾ। ਅਤੇ ਹੁਣ, ਉਹ ਸਮਾਂ ਆ ਗਿਆ ਹੈ ਜਿਥੇ ਸਾਮਵਾਦ ਸੰਸਾਰ ਨੂੰ ਕਲੀਸਿਯਾ ਦੇ ਖਿਲਾਫ਼ ਇੱਕਠਾ ਕਰ ਰਿਹਾ ਹੈ। ਸਮਝੇ, ਇਸ ਨੂੰ ਇਸ ਤਰ੍ਹਾਂ ਹੀ ਹੋਣਾ ਹੈ। ਹੁਣ, ਇਹ ਕਹਿਣਾ ਔਖਾ ਹੈ।

60 ਉਹਨਾਂ ਯਹੂਦੀਆਂ ਲਈ ਵਿਸ਼ਵਾਸ ਕਰਨਾ ਔਖਾ ਸੀ, ਉਹਨਾਂ ਕਿਹਾ, "ਹੁਣ ਆਓ, ਭਰਾਵੋ, ਅਸੀਂ ਵੇਖਦੇ ਹਾਂ ਕਿ—ਕਿ ਸਾਡਾ—ਸਾਡਾ ਪਰਮੇਸ਼ੁਰ ਸਾਡੇ ਨਾਲ ਹੈ ਅਤੇ ਇਸ ਲਈ ਅਸੀਂ—ਅਸੀਂ ਮੰਦਰ ਵਿੱਚ ਜਾਵਾਂਗੇ। ਅਤੇ ਹੁਣ ਅਸੀਂ ਪ੍ਰਾਰਥਨਾ ਕਰਾਂਗੇ ਅਤੇ ਫਲਾਣੇ–ਫਲਾਣੇ ਪਵਿੱਤਰ ਪਿਤਾ ਅਤੇ ਫਲਾਣੇ– ਫਲਾਣੇ ਪਵਿੱਤਰ ਪਿਤਾ ਨੂੰ ਪ੍ਰਾਰਥਨਾ ਵਿੱਚ ਅਗੁਵਾਈ ਕਰਨ ਦਿਓ। ਦਰਵਾਜੇ ਨੂੰ ਬੰਦ ਕਰੋ!" ਅਤੇ ਤੀਤੁਸ ਆਪਣੀ ਜਗਾ ਤੇ ਖਲੋ ਗਿਆ ਅਤੇ ਲਗਭਗ ਇੱਕ ਸਾਲ ਜਾਂ ਉਸ ਤੋਂ ਜਿਆਦਾ ਸਮਾਂ ਉਥੇ ਹੀ ਰਿਹਾ। ਵੇਖਿਆ, ਠੀਕ ਪਹਿਰਾ ਦਿੰਦਾ ਰਿਹਾ ਅਤੇ ਉਹਨਾਂ ਨੂੰ ਭੁੱਖ ਨਾਲ ਮਾਰ ਦਿੱਤਾ। ਉਹਨਾਂ ਵਿਚੋਂ ਇੱਕ ਵੀ ਸ਼ਹਿਰ ਤੋਂ ਬਾਹਰ ਨਹੀਂ ਜਾ ਸਕਦਾ ਸੀ; ਅਤੇ ਉਹ ਮਰ ਗਏ, ਉਹ ਭੁੱਖ ਨਾਲ ਮਰ ਗਏ। ਅਤੇ ਜਦੋਂ ਉਹ ਕੰਧਾਂ ਨੂੰ ਪਾੜ ਕੇ ਅੰਦਰ ਗਿਆ, ਲਹੂ ਤੇਜੀ ਨਾਲ ਵਹਿਣ ਲਗਾ ਅਤੇ ਉਥੇ ਨਦੀਆਂ ਦੇ ਵਾਂਗ ਵੱਗਣ ਲਗਾ ਜਿਥੇ ਉਸਨੇ ਉਹਨਾਂ ਸਭ ਦਾ ਕਤਲ ਕਰ ਦਿੱਤਾ ਜਿਹੜੇ ਵੀ ਉਹਦੇ ਅੰਦਰ ਸਨ।

61 ਹੁਣ, ਪ੍ਰਭੂ ਦੇ ਦੂਤ ਨੇ ਪੁਰਾਣੇ ਨੇਮ ਵਿੱਚ ਇਹ ਭਵਿੱਖਬਾਣੀ ਕੀਤੀ ਸੀ ਅਤੇ ਇਹ ਦੱਸਿਆ ਸੀ ਕਿ ਇਹ ਹੋਵੇਗਾ। ਅਤੇ ਉਹ ਸੇਵਕ ਜਿਹੜੇ ਪਾਦਰੀ ਸਨ, ਜਿਨ੍ਹਾਂ ਤੋਂ ਇਹ ਉਮੀਦ ਕੀਤੀ ਜਾਂਦੀ ਸੀ ਕਿ ਉਹਦੇ ਤੇ ਤਾਇਨਾਤ ਰਹਿਣ ਅਤੇ ਲੋਕਾਂ ਨੂੰ ਇਹ ਦੱਸਣ; ਇਸ ਦੇ ਬਜਾਏ, ਜਦੋਂ ਯਿਸੂ ਉਨ੍ਹਾਂ ਦੇ ਵਿਚਕਾਰ ਖੜ੍ਹਾ ਹੋਇਆ, ਉਹ ਉਸਨੂੰ ਜਾਣਦੇ ਵੀ ਨਹੀਂ ਸਨ; ਅਤੇ ਇੱਕ ਕਿਸਮ ਦਾ ਮਜਾਕ ਬਣਾਉਣ ਦੀ ਕੋਸ਼ਿਸ ਕੀਤੀ, "ਸਾਨੂੰ ਕੋਈ ਕਰਾਮਾਤ ਵਿਖਾ, ਸਾਨੂੰ ਵਿਖਾ ਇਹ ਕਿਵੇਂ ਕਰੀਦਾ ਹੈ! ਸਾਨੂੰ ਇੱਕ ਨਿਸ਼ਾਨ ਵਿਖਾ"। ਵੇਖਿਆ?

ਅਤੇ ਉਹਨੇ ਕਿਹਾ, "ਮੈਂ..." ਕਿਓਂ, ਉਹਨੇ ਬਹੁਤ ਸਾਰੇ ਕੰਮ ਕੀਤੇ ਅਤੇ ਫਿਰ ਵੀ ਉਹ ਇਹ ਵੇਖ ਨਹੀਂ ਸਕੇ। ਵੇਖਿਆ? ਅਤੇ ਫਿਰ ਜੱਦ ਉਹਨਾਂ ਉਸ ਨੂੰ ਰੱਦ ਦਿੱਤਾ ਜਿਵੇਂ ਉਹਨਾਂ ਦੀ...ਉਸ ਦਿਨ ਦੇ ਸੰਦੇਸ ਨੂੰ, ਉਹਨਾਂ ਉਸ ਦਿਨ ਦੇ ਸੰਦੇਸ਼ ਨੂੰ ਰੱਦ ਦਿੱਤਾ।

62 ਉਹ ਆਪਣੇ ਦਿਨ ਦੇ ਨਿਸ਼ਾਨ ਨੂੰ ਵੇਖਣ ਵਿੱਚ ਅਸਫਲ ਹੋ ਗਏ। ਅਤੇ ਬਾਈਬਲ ਦੀ ਭਵਿੱਖਬਾਣੀ ਦਾ ਨਿਸ਼ਾਨ ਉਹਨਾਂ ਦੇ ਸਾਹਮਣੇ ਵਿਖਾਇਆ ਗਿਆ ਅਤੇ ਉਹਨਾਂ ਕਿਹਾ, "ਆਓ ਹੁਣ ਅਸੀਂ ਅੰਦਰ ਚਲੀਏ!" ਉਹ ਪਵਿੱਤਰ ਮਨੁੱਖ ਸਨ। ਉਹ ਇਸ ਤਰ੍ਹਾਂ ਦੇ ਮਨੁੱਖ ਸਨ ਜਿਨ੍ਹਾਂ ਦੇ ਜੀਵਨ ਉੱਤੇ ਤੁਸੀਂ ਉਂਗਲ ਨਹੀਂ ਚੁੱਕ ਸਕਦੇ। ਉਹ *ਇਸ* ਤਰ੍ਹਾਂ ਦੇ ਹੋ ਕੇ ਇਕ ਜਾਜਕ ਨਹੀਂ ਬਣ ਸਕਦੇ ਸਨ। ਇੱਕ ਜਾਜਕ ਨੂੰ ਮਾਰ ਦਿੱਤਾ ਜਾਂਦਾ ਸੀ, ਓਸ ਨੂੰ ਕਿਸੇ ਵੀ

ਛੋਟੀ ਜਿਹੀ ਗਲ ਦੇ ਲਈ ਪੱਥਰਾਵ ਕਰਕੇ ਮਾਰ ਦਿੱਤਾ ਜਾਂਦਾ ਸੀ । ਇਸ ਲਈ ਉਸ ਨੂੰ ਪਾਕ, ਪਵਿੱਤਰ ਰਹਿਣਾ ਹੁੰਦਾ ਸੀ । ਉਹ ਇਹ ਨਹੀਂ ਕਰ ਸਕਦਾ ਸੀ ਕਿਓਂਕਿ ਉਸ ਨੂੰ ਕਿਸੇ ਵੀ ਗਲ ਲਈ ਪੱਥਰਾਵ ਕੀਤਾ ਜਾ ਸਕਦਾ ਸੀ । ਅਤੇ ਉਹ ਮਹਾਨ ਆਦਮੀ ਸਨ ਅਤੇ ਲੋਕਾਂ ਦੀ ਨਿਗਾਹ ਵਿੱਚ ਪਵਿੱਤਰ ਮਨੁੱਖ ਸਨ ਅਤੇ ਫਿਰ ਵੀ ਉਹ ਗਏ ਅਤੇ ਕਿਹਾ, "ਹੁਣ, ਅਸੀਂ… ਸਾਡੇ ਕੋਲ ਪਰਮੇਸ਼ੁਰ ਹੈ, ਉਹ ਪਰਮੇਸ਼ੁਰ ਜੋ ਸਾਰੇ ਯੁੱਗਾਂ ਵਿੱਚ ਸਾਡੇ ਨਾਲ ਰਿਹਾ ਹੈ । ਅਸੀਂ ਉਹਦੇ ਪਵਿੱਤਰ ਮੰਦਰ ਵਿੱਚ ਜਾਵਾਂਗੇ" । ਉਹ ਪਰਮੇਸ਼ੁਰ ਦਾ ਪਵਿੱਤਰ ਮੰਦਰ ਸੀ! ਪਰ, ਤੁਸੀਂ ਵੇਖਦੇ ਹੋ, ਉਸ ਨੂੰ ਉਹਦੇ ਪਵਿੱਤਰ ਮੰਦਰ ਵਿੱਚ ਰੱਦ ਦਿੱਤਾ ਗਿਆ ਸੀ । ਵੇਖਿਆ? "ਅਸੀਂ ਪ੍ਰਭੂ ਦੇ ਘਰ ਵਿੱਚ ਜਾਵਾਂਗੇ । ਤੁਸੀਂ ਸਾਰੇ ਯਹੂਦੀ ਇਹ ਜਾਣਦੇ ਹੋ ਕਿ ਅਸੀਂ ਚੁਣੀ ਹੋਈ ਕੌਮ ਹਾਂ, ਅਸੀਂ ਹਾਂ । ਅਤੇ ਪਰਮੇਸ਼ੁਰ, ਸਾਡਾ ਪਰਮੇਸ਼ੁਰ ਹੈ; ਅਬਰਾਹਾਮ, ਇਸਹਾਕ ਅਤੇ ਯਕੂਬ ਦਾ ਪਰਮੇਸ਼ੁਰ । ਉਹ ਸਾਡੇ ਨਾਲ ਹੈ । ਉਹ ਸਾਨੂੰ ਅਸੁੰਨਤੀ ਫਲਿਸਤੀਆਂ ਤੋਂ ਛੁਡਾਵੇਗਾ (ਜਿਵੇਂ ਇਹ ਸੀ), ਉਹ ਰੋਮੀ ਅਤੇ ਯੂਨਾਨੀ । ਉਹ ਸਾਨੂੰ ਉਹਨਾਂ ਤੋਂ ਛੁਡਾਵੇਗਾ । ਆਓ ਅਸੀਂ ਪ੍ਰਭੂ ਦੇ ਘਰ ਚਲੀਏ!"

63 ਸੁਣਨ ਲਈ ਇਹ ਚੰਗਾ ਲਗਦਾ ਸੀ; ਪਰ ਉਹਨਾਂ ਨੇ ਕੀ ਕੀਤਾ ਸੀ? ਘਰ ਦਾ ਬਣਾਉਣ ਵਾਲਾ ਇੱਕ ਦੀਨ ਗਲੀਲੀ ਤਰਖਾਣ ਦੇ ਰੂਪ ਵਿੱਚ ਉਥੇ ਸੀ ਅਤੇ ਉਹਨਾਂ ਓਸ ਨੂੰ ਰੱਦ ਦਿੱਤਾ; ਜਦਕਿ ਪਰਮੇਸ਼ੁਰ ਨੇ ਉਸਨੂੰ ਸਮੇਂ ਦੇ ਸੰਦੇਸ਼ ਦਾ ਸੰਦੇਸ਼ਵਾਹਕ ਪ੍ਰਮਾਣਿਤ ਕਰ ਦਿੱਤਾ ਸੀ । ਅਤੇ ਉਹਨਾਂ ਉਸ ਨੂੰ ਠੁਕਰਾ ਦਿੱਤਾ । ਇਸ ਲਈ ਸਾਰੀਆਂ ਪ੍ਰਾਰਥਨਾਂ, ਅਤੇ ਸਾਰੀ ਇਮਾਨਦਾਰੀ, ਸਾਰੀਆਂ ਬਲੀਆਂ ਪਰਮੇਸ਼ੁਰ ਦੇ ਲਈ ਕੋਈ ਮਤਲਬ ਨਹੀਂ ਰਖਦੀਆਂ ਸਨ । ਉਹਨਾਂ ਇਹ ਕਰ ਦਿੱਤਾ ਸੀ! ਅਤੇ ਪਰਮੇਸ਼ੁਰ ਨੇ ਉਹਨਾਂ ਨੂੰ ਉਜਾੜਨ ਲਈ ਉਸ ਵੱਡੀ ਫੌਜ ਨੂੰ ਏਕਾ ਕਰਨ ਦਿੱਤਾ ।

64 ਅਤੇ ਅਸੀਂ ਅੱਜ ਵੇਖਦੇ ਹਾਂ, ਜਿਵੇਂ ਕਲੀਸਿਯਾਵਾਂ ਫਿਰਕਾਪ੍ਰਸਤੀ ਅਤੇ ਹੋਰ ਚੀਜਾਂ ਦੁਆਰਾ ਪਰਮੇਸ਼ੁਰ ਦੇ ਵਚਨ ਨੂੰ ਠੁਕਰਾ ਰਹੀਆਂ ਹਨ । ਉਹ ਤੁਹਾਨੂੰ ਇਹਨਾਂ ਗਲਾਂ ਬਾਰੇ ਦੱਸਣਾ ਨਹੀਂ ਚਾਹੁੰਦੇ, ਅਤੇ ਵਿਗਿਆਨ ਇਸ ਨੂੰ ਤਸਵੀਰਾਂ ਅਤੇ ਹਰੇਕ ਚੀਜ ਦੁਆਰਾ ਪ੍ਰਮਾਣਿਤ ਕਰ ਸਕਦੀ ਹੈ ਅਤੇ ਫਿਰ ਵੀ ਉਹਨਾਂ ਨੂੰ ਇਹਦੇ ਨਾਲ ਕੋਈ ਲੈਣਾ ਦੇਣਾ ਨਹੀਂ ਹੈ । ਇਸ ਲਈ ਇਸ ਨੂੰ ਤਬਾਹ ਕਰਨ ਦੇ ਲਈ ਸਾਮਵਾਦ ਦਾ ਨਿਰਮਾਣ ਹੋ ਰਿਹਾ ਹੈ, ਠੀਕ ਉਸੇ ਤਰ੍ਹਾਂ ਜਿਵੇਂ ਤੀਤੁਸ ਨੇ ਕੀਤਾ ਸੀ ਅਤੇ ਬਾਈਬਲ ਕਹਿੰਦੀ ਹੈ ਕਿ ਉਹ ਇਹ ਕਰਨਗੇ । ਠੀਕ ਉਸੇ ਤਰ੍ਹਾਂ ।

65 ਹੁਣ, ਤੁਸੀਂ ਵੇਖਦੇ ਹੋ ਅਸੀਂ ਕਿਥੇ ਰਹਿ ਰਹੇ ਹਾਂ? ਏਕੀਕਰਨ ਦਾ ਸਮਾਂ । ਜਦੋਂ ਅਸੀਂ ਇਹਨਾਂ ਚੀਜਾਂ ਨੂੰ ਹੁੰਦਿਆ ਵੇਖਦੇ ਹਾਂ, ਔਹ; ਕਿਓਂ, ਅਸੀਂ ਉਹਨਾਂ ਚੀਜਾਂ ਨੂੰ ਵੇਖਣ ਵਿੱਚ ਅਸਫਲ ਹੋ ਜਾਂਦੇ ਹਾਂ! ਤੁਸੀਂ ਕਰ ਸਕਦੇ ਹੋ—ਤੁਸੀਂ ਇਥੇ ਇਸ ਪਵਿੱਤਰ ਵਚਨ ਵਿੱਚ ਵੇਖ ਸਕਦੇ ਹੋ ਅਤੇ ਵੇਖ ਸਕਦੇ ਹੋ ਕਿ ਉਹਨੇ ਕਿਥੇ ਇਹਦਾ ਵਾਅਦਾ ਕੀਤਾ ਸੀ ਅਤੇ ਉਹ ਕੀ ਕਰੇਗਾ । ਹੁਣ, ਅਸੀਂ ਇਹਨੂੰ ਹੁੰਦਿਆਂ ਹੋਈਆਂ ਵੇਖਦੇ ਹਾਂ । ਅਸੀਂ ਕਲੀਸਿਯਾ ਵਿੱਚ ਵੇਖਦੇ ਹਾਂ ਜੋ ਉਹਨੇ ਕਰਨ ਦਾ ਵਾਅਦਾ ਕੀਤਾ ਸੀ; ਅਸੀਂ ਇਹ ਨੂੰ ਹੁੰਦਿਆਂ ਹੋਈਆਂ ਵੇਖਦੇ ਹਾਂ । ਅਸੀਂ ਰਾਸ਼ਟਰਾਂ ਨੂੰ ਆਪਸ ਵਿੱਚ ਏਕਾ ਕਰਦਿਆਂ ਵੇਖਦੇ ਹਾਂ । ਅਸੀਂ ਪੰਥਾਂ ਨੂੰ ਆਪਸ ਵਿੱਚ ਏਕਾ ਕਰਦਿਆਂ ਵੇਖਦੇ ਹਾਂ । ਅਸੀਂ ਕਲੀਸਿਯਾਵਾਂ ਨੂੰ ਆਪਸ ਵਿੱਚ ਏਕਾ ਕਰਦਿਆਂ ਵੇਖਦੇ ਹਾਂ । ਇਹ ਏਕੀਕਰਨ ਦਾ ਸਮਾਂ ਹੈ । ਇਹ ਏਕੀਕਰਨ ਦੀ ਘੜੀ ਹੈ । ਇਹ ਇਸ ਯੁੱਗ ਦੀ ਆਤਮਾ ਹੈ, "ਸਾਨੂੰ ਇੱਕ ਹੋਣਾ ਚਾਹੀਦਾ ਹੈ" । ਉਸ ਹਰੇਕ ਚੀਜ ਨੂੰ ਸੰਸਥਾਗਤ

ਹੋਣਾ ਪੈਣਾ ਹੈ ਜਿਹਦੇ ਬਾਰੇ ਤੁਸੀਂ ਗਲ ਕਰਦੇ ਹੋ; ਨਹੀਂ ਤਾਂ ਸਰਕਾਰ ਵੀ ਇਹਨੂੰ ਸਵੀਕਾਰ ਨਹੀਂ ਕਰੇਗੀ ।

66 ਤੁਸੀਂ ਜਾਣਦੇ ਹੋ, ਇੱਕ ਨਾਗਰਿਕ ਹੋਣ ਦੇ ਨਾਤੇ...ਮੈਂ ਇੱਕ ਨਾਗਰਿਕ ਦੇ ਤੌਰ ਤੇ ਨਹੀਂ ਕਰ ਸਕਦਾ, ਸੰਯੁਕਤ ਰਾਜ ਦਾ ਨਾਗਰਿਕ ਹੋਣ ਦੇ ਨਾਤੇ, ਫਿਰ ਵੀ ਮੈਂ–ਮੈਂ...ਤੁਸੀਂ ਮੈਨੂੰ ਪੰਜ ਡਾਲਰ ਦਾ ਚੈਕ ਦੇ ਸਕਦੇ ਹੋ ਅਤੇ ਮੈਂ ਉਹਦੇ ਉੱਤੇ ਆਪਣਾ ਨਾਮ ਲਿਖਣ ਦੀ ਹਿੰਮਤ ਨਹੀਂ ਕਰ ਸਕਦਾ । ਸਮਝੇ? ਸਮਝੇ, ਮੈਂ ਇਹ ਨਹੀਂ ਕਰ ਸਕਦਾ ਹਾਂ । ਸਮਝੇ, ਇਹ ਏਕੀਕਰਨ ਦਾ ਸਮਾਂ ਹੈ । ਇਹਨਾਂ ਸਭਨਾਂ ਨੂੰ ਕਿਸੇ ਤਰ੍ਹਾਂ ਦੇ ਮਿਲਾਪ ਦੇ ਵਿਚੋਂ ਦੀ ਹੋ ਕੇ ਗੁਜਰਨਾ ਹੈ ਅਤੇ ਇਹ ਮਿਲਾਪ ਉਹੀ ਚੀਜ ਹੈ ਜੋ ਪਸ਼ੂ ਦੀ ਛਾਪ ਨੂੰ ਲੈ ਕੇ ਆਵੇਗੀ । ਸਮਝੇ? ਇਹ ਇੱਕ ਏਕੀਕਰਨ ਦਾ ਸਮਾਂ ਹੈ ਅਤੇ ਇਹ ਠੀਕ ਉਸ ਲਈ ਕੰਮ ਕਰ ਰਿਹਾ ਹੈ । ਤੁਸੀਂ ਇਸ ਨੂੰ ਆਪਣੀਆਂ ਅੱਖਾਂ ਨਾਲ ਵੇਖ ਸਕਦੇ ਹੋ, ਜੇ ਤੁਸੀਂ ਇਹਦੇ ਉੱਤੇ ਨਿਗਾਹ ਕਰੋ । ਇਹ ਇੱਕ ਏਕੀਕਰਨ ਦਾ ਸਮਾਂ ਹੈ, ਜਿਸ ਵਿੱਚ ਹਰੇਕ ਆਪਸ ਵਿੱਚ ਏਕਾ ਕਰ ਰਿਹਾ ਹੈ ।

67 ਯਹੂਦੀਆਂ ਨੇ–ਯਹੂਦੀਆਂ ਨੇ ਆਪਣੇ ਆਪ ਵਿੱਚ ਯਿਸੂ ਦੇ ਦੇ ਖਿਲਾਫ ਏਕਾ ਕਰ ਲਿਆ, ਆਪਣੇ ਮਸੀਹ ਦੇ ਖਿਲਾਫ਼ ਹੀ ਏਕਾ ਕਰ ਲਿਆ । ਇਸ ਲਈ, ਅਸੀਂ ਵੇਖਦੇ ਹਾਂ ਕੀ ਹੋਇਆ । ਹੁਣ ਵੀ ਅਸੀਂ ਉਹੀ ਚੀਜ ਵੇਖਦੇ ਹਾਂ, ਸਾਮਵਾਦ ਕਲੀਸਿਯਾ ਨੂੰ ਤਬਾਹ ਕਰਨ ਦੇ ਲਈ ਏਕਾ ਕਰ ਰਿਹਾ ਹੈ, ਜਦ ਕਿ ਕਲੀਸਿਯਾ ਨੇ ਗਿਰਜਿਆਂ ਦੀ ਵਿਸ਼ਵ ਸਭਾ ਅਰਥਾਤ ਵਰਲਡ ਕੌਂਸਲ ਆਫ ਚਰਚਿਸ ਵਿੱਚ ਏਕਾ ਕਰ ਲਿਆ ਅਤੇ ਸੰਦੇਸ਼ ਅਰਥਾਤ ਪਰਮੇਸ਼ੁਰ ਦੇ ਵਚਨ ਨੂੰ ਤਬਾਹ ਕਰਨ ਦੀ ਕੋਸ਼ਿਸ ਕਰ ਰਹੀ ਹੈ । ਉਹ ਇਸ ਤੋਂ ਛੁਟਕਾਰਾ ਪਾਉਣ ਦੀ ਕੋਸ਼ਿਸ ਕਰਦੇ ਹਨ । ਉਹ ਇੱਕ ਹੀ ਕੰਮ ਕਰ ਸਕਦੇ ਹਨ ਕਿ ਆਪਣੀ ਇੱਕ ਸਭਾ ਬਣਾਉਣ, ਇਹ ਇਸ ਲਈ ਹੈ ਕਿਓਂਕਿ ਉਹ ਵਖਰੇ-ਵਖਰੇ ਹਨ; ਇੱਕ ਛੋਟਾ ਝੁੰਡ ਹੈ, ਉਹ ਮੈਥੋਡਿਸਟ, ਅਤੇ ਬੈਪਟਿਸਟ ਅਤੇ ਲੂਥਰਣ ਅਤੇ ਪ੍ਰੈਸਬਾਈਟੇਰੀਅਨ, ਚਰਚ ਆਫ ਕਰਾਇਸਟ ਅਤੇ ਹੋਰ ਇਸੇ ਤਰ੍ਹਾਂ ਦੇ ਹਨ । ਉਹ ਕੁਝ ਵੀ ਨਹੀਂ ਕਰ ਸਕਦੇ ਕਿਓਂਕਿ *ਇਹ* ਵਾਲਾ *ਇਸ* ਵਾਲੇ ਦੇ ਖਿਲਾਫ਼ ਹੋਵੇਗਾ, *ਇਸ* ਵਾਲਾ ਕਿਸੇ *ਹੋਰ* ਦੇ ਖਿਲਾਫ਼ ਹੋਵੇਗਾ, ਉਹਨਾਂ ਦੇ ਅਕੀਦੇ ਇੱਕ ਦੂਜੇ ਤੋਂ ਇੰਨੇ ਵਖਰੇ ਹਨ ਜਿਵੇਂ ਪੂਰਬ ਪੱਛਮ ਤੋਂ । ਸਮਝੇ, ਉਹ ਇਹ ਨਹੀਂ ਕਰ ਸਕਦੇ । ਪਰ ਇੱਕ ਵਾਰ ਜਦ ਉਹ ਇੱਕ ਵੱਡੇ ਪ੍ਰਧਾਨ ਦੇ ਹੇਠ ਏਕਾ ਕਰ ਲੈਂਦੇ ਹਨ ਤਾਂ ਉਹ ਇਹ ਕਰ ਲੈਣਗੇ । ਫਿਰ ਉਹ ਇਹ ਕਰ ਲੈਣਗੇ ।

68 ਇਸੇ ਤਰਾਂ ਹੀ ਕੈਥੋਲਿਕ, ਰੋਮਨ ਕੈਥੋਲਿਕ ਇੰਨੀ ਜਿਆਦਾ ਏਕਤਾ ਵਿੱਚ ਹਨ, ਕਿਓਂਕਿ ਉਹ ਇੱਕ ਏਕਤਾ ਵਿੱਚ ਹਨ, ਉਹ ਹਨ...ਬਹੁਮਤ ਰੋਮਨ ਕੈਥੋਲਿਕ ਦਾ ਹੈ; ਯੂਨਾਨੀ ਅਤੇ ਹੋਰ ਕੈਥੋਲਿਕ ਇਨੇ ਜਿਆਦਾ ਨਹੀਂ ਹਨ ਜਿੰਨੇ ਰੋਮਨ ਕੈਥੋਲਿਕ ਹਨ । ਹੁਣ ਉਹ ਆਪਸ ਵਿੱਚ ਏਕਾ ਕਰ ਰਹੇ ਹਨ ਅਤੇ ਇਹੀ ਕਾਰਣ ਹੈ ਕਿ ਉਹ ਇੱਕਠੇ ਖੜੇ ਹਨ । ਕੋਈ ਫਰਕ ਨਹੀਂ ਪੈਂਦਾ ਕੀ ਹੁੰਦਾ ਹੈ, ਉਹ ਪੋਪ ਹਰੇਕ ਚੀਜ ਦਾ ਪ੍ਰਧਾਨ ਹੈ । ਸਮਝੇ? ਅਤੇ ਕੋਈ ਫਰਕ ਨਹੀਂ ਪੈਂਦਾ ਕਿ ਕੋਈ ਕੀ ਕਹਿੰਦਾ ਹੈ, “ਉਹ ਭਰੋਸੇਯੋਗ ਅਰਥਾਤ ਕਦੇ ਵੀ ਗਲਤੀ ਨਾ ਕਰਨ ਵਾਲਾ ਹੈ; ਉਹ–ਉਹ–ਉਹ ਪਰਮੇਸ਼ੁਰ ਦੀ ਥਾਂ ਤੇ ਹੈ, ਉਹੀ ਸਭ ਕੁਝ ਹੈ; ਉਹ ਪਰਮੇਸ਼ੁਰ ਤੋਂ ਬਾਅਦ ਹੈ; ਉਸ ਕੋਲ ਨਰਕ, ਸਵਰਗ ਅਤੇ ਪਾਪ ਸੋਧਕ ਸਥਾਨ ਉੱਤੇ ਇਖਤਿਆਰ ਹੈ” । ਇਸ ਲਈ ਉਥੇ ਕੋਈ ਅਜਿਹੀ ਗਲ ਨਹੀਂ ਹੈ ਜੋ *ਓਸ* ਮਾਮਲੇ ਵਿੱਚ ਕੀਤੀ ਜਾ ਸਕਦੀ ਹੈ; ਜੋ ਕੁਝ ਵੀ ਉਹ ਕਹਿੰਦਾ ਹੈ, ਉਹੀ ਕੁਝ ਹੋਣਾ ਹੁੰਦਾ ਹੈ ।

69 ਹੁਣ, ਪ੍ਰੋਟੈਸਟੈਂਟ ਠੀਕ ਉਹਦੇ ਵਾਂਗ ਹੀ ਆਪਣੇ ਆਪ ਨੂੰ ਪ੍ਰਧਾਨ ਬਣਾ ਰਹੇ ਹਨ, ਬਿਲਕੁਲ ਉਸੇ ਤਰ੍ਹਾਂ ਹੀ । ਅਤੇ ਕੀ ਬਾਈਬਲ ਨੇ ਨਹੀਂ ਕਿਹਾ ਕਿ ਉਥੇ ਇੱਕ ਪਸ਼ੂ ਦੀ ਮੂਰਤ ਬਣਾਈ ਗਈ ਸੀ । ਇੱਕ ਮੂਰਤ ਕੀ ਹੈ? ਉਹ ਇਹਦੇ ਵਰਗੀ ਹੀ ਕੋਈ ਚੀਜ ਹੁੰਦੀ ਹੈ, ਇਹਦੇ ਵਾਂਗ ਹੀ ਬਣਾਈ ਗਈ ਹੁੰਦੀ ਹੈ । ਇਥੇ ਵੀ ਉਹੀ ਚੀਜ ਹੈ । ਇਹ ਕੀ ਹੈ? ਆਪਸ ਵਿੱਚ ਏਕੀਕਰਨ ਦੇ ਦੁਆਰਾ, ਅਤੇ ਇਹੀ ਇਸ ਯੁੱਗ ਦੀ ਆਤਮਾ ਹੈ, *ਏਕੀਕਰਨ* ।

70 ਹੁਣ ਇੱਕਠੇ ਮਿਲ ਕੇ ਏਕੀਕਰਨ ਕਰ ਰਹੇ ਹਨ, ਸੰਦੇਸ਼ ਨੂੰ ਨਾਸ਼ ਕਰਨ ਦੀ ਕੋਸ਼ਿਸ ਕਰ ਰਹੇ ਹਨ । ਉਹ ਇਸ ਨੂੰ ਕਿਵੇਂ ਨਾਸ਼ ਕਰਦੇ ਹਨ? ਉਹ ਪਰਮੇਸ਼ੁਰ ਦੇ ਵਚਨ ਦਾ ਕਿਵੇਂ ਨਾਸ਼ ਕਰ ਸਕਦੇ ਹਨ? ਉਹ ਰੀਤੀ ਰਿਵਾਜਾਂ ਨੂੰ ਅਪਣਾਉਣ ਦੇ ਦੁਆਰਾ ਜਿਵੇਂ ਉਹਨਾਂ ਨੇ ਸ਼ੁਰੁਆਤ ਵਿੱਚ ਕੀਤਾ ਸੀ, ਉਹ ਇਸ ਨੂੰ ਬਿਨਾ ਕਿਸੇ ਪ੍ਰਭਾਵ ਦਾ, ਬੇਅਸਰ ਬਣਾ ਸਕਦੇ ਹਨ ਅਤੇ ਇਸੇ ਤਰ੍ਹਾਂ ਹੀ ਉਹ ਪਰਮੇਸ਼ੁਰ ਦੇ ਵਚਨ ਨੂੰ ਪ੍ਰਭਾਵਹੀਨ ਬਣਾ ਰਹੇ ਹਨ । ਸਮਝੇ, ਉਹ ਕਹਿੰਦੇ ਹਨ, "ਓਹ, ਇਹ...ਅਸਲ ਵਿੱਚ, ਜੋ ਕੁਝ ਵੀ ਹੋਵੇ..." ਤੁਸੀਂ ਵੇਖਦੇ ਹੋ ਕਿਥੇ ਇਹ ਨਾਸ਼ਤਿਕ ਔਰਤ ਜੋ ਕੋਸ਼ਿਸ਼ ਕਰ ਰਹੀ ਹੈ...ਉਹ...ਹੁਣ ਮੈਂ ਭੁੱਲ ਗਿਆ ਹਾਂ ਕਿ ਉਹਦਾ ਨਾਮ ਕੀ ਸੀ; ਕਾਸ਼ ਮੈਂ ਉਹ ਯਾਦ ਕਰ ਸਕਦਾ । ਉਹ...ਮੈਂ ਬਹੁਤ ਸਾਰਿਆਂ ਬਾਰੇ ਸੋਚਣ ਦੀ ਕੋਸ਼ਿਸ਼ ਕਰ ਰਿਹਾ ਹਾਂ ।

71 ਮੈਂ ਕਿਸੇ ਦਿਨ ਰਾਸ਼ਟਰਾਂ ਦੀ ਸੁੰਦਰੀ ਬਾਰੇ ਸੋਚ ਰਿਹਾ ਸੀ; ਮੈਂ ਚਾਹੁੰਦਾ ਹਾਂ ਕਿ ਸਾਡੇ ਕੋਲ ਉਸ ਵਰਗੀ ਇੱਕ ਹੋਰ ਉੱਠ ਖੜੀ ਹੋਵੇ । ਉਹ ਹੀ ਇੱਕ ਅਜਿਹੀ ਔਰਤ ਸੀ ਜੋ ਸ਼ਰਾਬਖਾਨਿਆਂ ਵਿੱਚ ਗਈ ਅਤੇ ਵਿਸਕੀ ਦੀਆਂ ਬੋਤਲਾਂ ਨੂੰ ਤੋੜ ਦਿੱਤਾ ਅਤੇ ਨਿਸ਼ਾਨਾਂ ਅਤੇ ਉਸ ਤਰ੍ਹਾਂ ਦੀਆਂ ਚੀਜਾਂ ਨੂੰ ਬਾਹਰ ਸੁੱਟ ਦਿੱਤਾ । ਅੱਜ ਉਸ ਵਰਗੀਆਂ ਕੁਝ ਔਰਤਾਂ ਕਿਓ ਨਹੀਂ ਉੱਠ ਖਲੋਂਦੀਆਂ ਅਤੇ ਇਥੇ ਬਾਹਰ ਜਾ ਕੇ ਇਹਨਾਂ ਔਰਤਾਂ ਦੀਆਂ ਜੋ ਉਹਨਾਂ ਦੀ ਹੀ ਨਸਲ ਦੀਆਂ ਹਨ, ਨੰਗੀਆਂ ਤਸਵੀਰਾਂ ਨੂੰ ਫਾੜ ਕਿਓਂ ਨਹੀਂ ਦੇਂਦੀਆਂ, ਅਤੇ ਇਸ ਤਰ੍ਹਾਂ ਦੇ ਕੰਮ ਕਿਓਂ ਨਹੀਂ ਕਰਦੀਆਂ? ਇਹ, ਉਹਨਾਂ ਕੋਲ ਹੁਣ ਇਹ ਨਹੀਂ ਹੈ ।

72 ਪਰ ਹੁਣ ਇਹ ਔਰਤ ਜੋ ਨਾਸ਼ਤਿਕ ਸੀ, ਜਿਹਨੇ ਕਿਹਾ ਸੀ, "ਬਾਈਬਲ ਨੂੰ ਜਨਤਕ ਸਕੂਲਾਂ ਵਿੱਚ ਪੜ੍ਹਨਾ ਗੈਰ ਸੰਵਿਧਾਨਕ ਹੈ," ਅਤੇ ਇਸ ਤਰ੍ਹਾਂ ਦੀਆਂ ਹੋਰ ਗਲਾਂ ।

73 ਹੁਣ ਉਹ ਵੀ, ਕੀ ਤੁਸੀਂ ਦੁਬਾਰਾ ਧਿਆਨ ਦਿੱਤਾ, ਉਹ ਹੁਣ ਇਹ ਕਹਿਣ ਦੀ ਕੋਸ਼ਿਸ ਕਰ ਰਹੇ ਹਨ ਅਤੇ ਬਾਈਬਲ ਦੇ ਮਹਾਨ ਅਧਿਐਨਕਰਤਾ, ਉਹਨਾਂ ਕਿਹਾ, "ਬਾਈਬਲ ਵਿੱਚ ਕੀਤੀਆਂ ਗਈਆਂ ਭਵਿੱਖਬਾਣੀਆਂ ਵਿਚੋਂ ਜਿਆਦਾਤਰ ਗਲਤ ਹਨ, ਅਤੇ ਕਦੇ ਵੀ ਪੂਰੀਆਂ ਨਹੀਂ ਹੋਈਆਂ" । ਅਤੇ ਤੁਸੀਂ ਉਹਦੇ ਬਾਰੇ ਵਿੱਚ ਸੁਣਿਆ ਅਤੇ ਪੜ੍ਹਿਆ ਹੈ । ਅਤੇ ਉਹ ਲੋਕ ਉਹ ਸਭ ਕੁਝ ਕਹਿਣ ਦੀ ਕੋਸ਼ਿਸ਼ ਕਰ ਰਹੇ ਹਨ; ਤੁਸੀਂ ਵੇਖਦੇ ਹੋ, ਉਹ ਉਸ ਵਚਨ ਦੇ ਪ੍ਰਭਾਵ ਨੂੰ ਨਾਸ਼ ਕਰਨ ਦੀ ਕੋਸ਼ਿਸ ਕਰ ਰਹੇ ਹਨ । ਜੇਕਰ ਉਹ ਬੱਸ ਇਸ ਨੂੰ ਨਾਸ਼ ਕਰ ਸਕਣ ਅਤੇ ਇਸ ਨੂੰ ਕਿਸੇ ਧਾਰਮਿਕ ਮਤ ਦੇ ਨਾਲ ਬਦਲ ਸਕਣ ਜਾਂ ਕਿਸੇ ਚੀਜ ਨਾਲ ਜੋ ਮਨੁੱਖਾਂ ਕੋਲ ਹੈ ਤਾਂ ਇਹ ਉਹਨਾਂ ਦੀ ਨਜਰ ਵਿੱਚ ਵਚਨ ਨਾਲੋਂ ਵਧੀਆ ਹੈ, ਫਿਰ ਉਹ ਇਸ ਨੂੰ ਆਪਣੇ ਰੀਤੀ ਰਿਵਾਜਾਂ ਨਾਲ ਨਾਸ਼ ਕਰ ਦਿੰਦੇ ਹਨ । ਅਤੇ ਇਹ ਹੀ ਤਰੀਕਾ ਹੈ ਜਿਸ ਨਾਲ ਉਹ ਪਰਮੇਸ਼ੁਰ ਦੇ ਵਚਨ ਨੂੰ ਨਾਸ਼ ਕਰਨ ਦੀ ਕੋਸ਼ਿਸ ਕਰ ਰਹੇ ਹਨ, ਉਹ ਹੈ ਫਿਰਕਾਪ੍ਰਸ਼ਤ ਰਾਜਨੀਤੀ ਦੁਆਰਾ ।

74 ਹੁਣ ਹਰੇਕ ਕਲੀਸਿਯਾ ਦੀ ਆਪਣੀ ਰਾਜਨੀਤੀ ਹੈ । ਚਰਚ ਆਫ ਕ੍ਰਾਇਸਟ ਦੀ ਆਪਣੀ ਹੈ, ਕ੍ਰਿਸਚਿਅਨ ਚਰਜ ਦੀ ਆਪਣੀ ਹੈ, ਅਤੇ ਬੈਪਟਿਸਟ, ਅਤੇ ਮੈਥੋਡਿਸਟ ਅਤੇ

ਪ੍ਰੈਸਬਾਈਟੇਰੀਅਨ; ਉਹਨਾਂ ਸਭਨਾਂ ਕੋਲ ਆਪਣੀ ਵੱਖਰੀ-ਵੱਖਰੀ ਰਾਜਨੀਤੀ ਹੈ । ਹੁਣ, ਉਹ ਓਸ ਤੋਂ ਦੂਰ ਹੁੰਦੇ ਜਾ ਰਹੇ ਹਨ ਕਿਉਂਕਿ ਉਹ ਵੱਖਰੇ ਕੀਤੇ ਹੋਏ ਹਨ । ਸਮਝੇ, ਉਹ ਪਹਿਲਾਂ ਇਸ ਤਰ੍ਹਾਂ ਨਹੀਂ ਕਰ ਸਕਦੀਆਂ ਸੀ, ਹੁਣ ਉਹਨਾਂ ਨੂੰ ਇਹ ਕਰਨਾ ਹੀ ਹੈ । ਸਮਝੇ, ਇਹ ਏਕੀਕਰਨ ਦਾ ਸਮਾਂ ਹੈ, ਅਤੇ ਹੁਣ ਉਹ ਸਾਰੇ ਇੱਕਠੇ ਹੋ ਰਹੇ ਹਨ ਅਤੇ ਇੱਕ ਹੋ ਰਹੇ ਹਨ ਅਤੇ ਵੇਖੋ ਉਹਨਾਂ ਦਾ ਕੀ ਬਣਦਾ ਹੈ । ਹੇ ਮੇਰੇ ਪਰਮੇਸ਼ੁਰ, ਇਹ ਤਾਂ ਘੋੜੇ ਦੇ ਮਾਂਸ ਤੋਂ ਡਬਲਰੋਟੀ ਦਾ ਟੁਕੜਾ ਬਣਾਉਣਾ ਹੈ ਅਤੇ ਡੱਬੇ ਵਿਚੋਂ ਕੂੜਾ ਅਤੇ ਹੋਰ ਜੋ ਕੁਝ ਵੀ ਉਹਨਾਂ ਇੱਕਠਾ ਕੀਤਾ ਹੈ ਅਤੇ ਇਸ ਨੂੰ ਇੱਕਠੇ ਮਿਲਾਉਣਾ ਅਤੇ ਇਸ ਵਿੱਚ ਕੁਝ ਸੜ੍ਹੇ ਹੋਏ ਆਲੂ ਸੁੱਟਣਾ ਅਤੇ ਚੀਜਾਂ ਨੂੰ ਮਿਲਾਉਣਾ ਅਤੇ ਵੇਖੋ ਤੁਹਾਡੇ ਕੋਲ ਕੀ ਬਾਹਰ ਨਿਕਲ ਕੇ ਆਉਂਦਾ ਹੈ । ਮੈਂ ਯਕੀਨਨ ਇਸ ਵਿਚੋਂ ਕੁਝ ਵੀ ਨਹੀਂ ਚਾਹੁੰਦਾ । ਨਹੀਂ, ਸ਼੍ਰੀਮਾਨ! ਉਹ ਇਸੇ ਤਰ੍ਹਾਂ ਹੀ ਕਰ ਰਹੇ ਹਨ । ਸਮਝੇ, ਉਹ ਉਹਨਾਂ ਲੋਕਾਂ ਨੂੰ ਲੈ ਰਹੇ ਹਨ ਜੋ ਇਹ ਵਿਸ਼ਵਾਸ ਕਰਦੇ ਹਨ ਕਿ ਯਿਸੂ ਇੱਕ ਕਾਲਪਨਿਕ ਵਿਅਕਤੀ ਸੀ, ਇੱਕ ਕਲੀਸਿਯਾ ਜੋ ਵਿਸ਼ਵਾਸ ਕਰਦੀ ਹੈ ਕਿ ਯਿਸੂ ਇੱਕ ਕਾਲਪਨਿਕ ਵਿਅਕਤੀ ਸੀ; ਕੁਝ ਹੋਰ ਵਿਸ਼ਵਾਸ ਕਰਦੇ ਹਨ ਕਿ ਉਹ ਇੱਕ ਨਬੀ ਸੀ ।

75 ਇੱਕ ਕਹਿੰਦਾ ਹੈ, “ਅਚਰਜ ਕੰਮਾਂ ਦੇ ਦਿਨ ਬੀਤ ਗਏ ਹਨ” ।

76 ਦੂਜਾ ਕਹਿੰਦਾ ਹੈ, “ਇਸ ਤਰਾਂ ਦੀ ਗਲ ਹੋ ਸਕਦੀ ਹੈ” ।

77 ਅਤੇ ਇਹ ਸਾਰੇ ਇੱਕਠੇ ਹਨ; ਅਤੇ ਬਾਈਬਲ ਕਹਿੰਦੀ ਹੈ, “ਦੋ ਜਣੇ ਇੱਕਠੇ ਕਿਵੇਂ ਚੱਲਣਗੇ ਜੇ ਓਹ ਸਹਿਮਤ ਨਾ ਹੋਣ?” ਸਮਝੇ? ਹੁਣ, ਉਹਨਾਂ ਦੇ ਕੋਲ ਇਸੇ ਤਰ੍ਹਾਂ ਦੀ ਏਕਤਾ ਹੈ । ਅਤੇ ਇਹਦੇ ਉੱਤੇ ਕਿਸੇ ਨੂੰ ਰੱਖਣ ਦੇ ਲਈ ਪਵਿੱਤਰ ਪਿਤਾ ਦਾ ਹੋਣਾ ਅਤੇ ਉਥੇ ਤੁਹਾਨੂੰ ਪਸ਼ੂ ਦੀ ਮੂਰਤ ਮਿਲਦੀ ਹੈ, ਬਿਲਕੁਲ ਉਹੀ ਜੋ ਬਾਈਬਲ ਕਹਿੰਦੀ ਹੈ । ਹੁਣ ਉਹਨਾਂ ਦੇ ਕੋਲ ਇੱਕ ਲੂਥਰਣ ਸੇਵਕ ਹੈ, ਜੋ ਇਹਦਾ ਪ੍ਰਧਾਨ ਹੈ । ਖੈਰ, ਅਸੀਂ ਵੇਖਦੇ ਹਾਂ ਕਿ ਇਹ ਏਕੀਕਰਨ ਦਾ ਸਮਾਂ ਹੈ । ਹੁਣ ਵੀ ਉਹੀ ਗਲ ਹੈ, ਸਾਮਵਾਦ ਅਤੇ ਹੋਰ ਚੀਜਾਂ ਆਪਸ ਵਿੱਚ ਏਕਾ ਕਰ ਰਹੀਆਂ ਹਨ, ਸੰਸਾਰ ਵਿੱਚ ਅਤੇ ਕਲੀਸਿਯਾ ਵਿੱਚ ਅਤੇ ਹਰ ਜਗ੍ਹਾ ਆਪਸ ਵਿੱਚ ਏਕਾ ਕਰ ਰਹੀਆਂ ਹਨ ।

78 ਪ੍ਰਕਿਰਤੀ ਨੂੰ ਵੇਖੋ । ਔਹ, ਮੇਰੇ ਪਰਮੇਸ਼ੁਰ! ਪ੍ਰਕਿਰਤੀ, ਜੇਕਰ ਤਸੀਂ ਬੱਸ ਪ੍ਰਕਿਰਤੀ ਨੂੰ ਵੇਖੋ, ਇਹ ਉਹੀ ਕੰਮ ਕਰ ਰਹੀ ਹੈ । ਪ੍ਰਕਿਰਤੀ ਪਰਮੇਸ਼ੁਰ ਦੇ ਨਿਸ਼ਾਨਾਂ ਦਾ ਕੈਲੰਡਰ ਹੈ । ਕੀ ਤੁਸੀਂ ਇਹ ਜਾਣਦੇ ਸੀ? ਯਿਸੂ ਨੇ ਉਹਨਾਂ ਨੂੰ ਪ੍ਰਕਿਰਤੀ ਵਲ੍ਹ ਵੇਖਣ ਨੂੰ ਕਿਹਾ । ਸਮੁੰਦਰ ਗਰਜ ਰਿਹਾ ਹੋਵੇਗਾ, ਸਮਝੇ, ਅਤੇ ਤਰਾਂ ਤਰਾਂ ਦੀਆਂ ਘਟਨਾਵਾਂ ਹੋਣਗੀਆਂ ਅਤੇ ਥਾਂ ਥਾਂ ਭੁਚਾਲ ਆਉਣਗੇ, ਕੌਮਾਂ ਵਿੱਚ ਝਗੜੇ ਹੋਣਗੇ, ਅਕਾਸ਼ ਵਿੱਚ ਨਿਸ਼ਾਨ, ਧਰਤੀ ਉੱਤੇ ਨਿਸ਼ਾਨ, ਹਰ ਥਾਂ ਇਹਨਾਂ ਆਉਣ ਵਾਲੇ ਸਮੇਂ ਦੇ ਨਿਸ਼ਾਨ ਹੋਣਗੇ ।

79 ਬੱਦਲਾਂ ਨੂੰ ਵੇਖੋ । ਇਸ ਤੋਂ ਪਹਿਲਾਂ ਕਿ ਬੱਦਲ ਵਾਛੜ ਨੂੰ ਲੈ ਕੇ ਆਉਣ, ਤੁਸੀਂ ਜਾਣਦੇ ਹੋ ਇਹ ਕਿਵੇਂ ਹੁੰਦਾ ਹੈ? ਕਈ ਛੋਟੇ ਛੋਟੇ ਬੱਦਲ ਇੱਕਠੇ ਹੋ ਕੇ ਇੱਕ ਵੱਡਾ ਬੱਦਲ ਬਣਾਉਂਦੇ ਹਨ । ਖੈਰ, ਇਸ ਵਾਲੇ ਕੋਲ ਇਸ ਨੂੰ ਉਡਾਉਣ ਦੇ ਲਈ ਥੋੜੀ ਜਿਹੀ ਹਨੇਰੀ ਹੁੰਦੀ ਹੈ, ਇੱਕ ਹੋਰ ਕੋਲ ਇਸ ਨੂੰ ਉਡਾਉਣ ਲਈ ਥੋੜੀ ਜਿਹੀ ਹਨੇਰੀ ਹੁੰਦੀ ਹੈ ਅਤੇ ਉਹ ਸਾਰੇ ਇੱਕਠੇ ਉੱਡਦੇ ਹਨ ਅਤੇ ਫਿਰ ਇੱਕ ਤੁਫਾਨ ਆਉਂਦਾ ਹੈ । ਸਮਝੇ? ਇਸ ਤੋਂ ਪਹਿਲਾਂ ਕਿ ਉਹ ਇੱਕ ਤੁਫਾਨ ਨੂੰ ਲੈ ਕੇ ਆ ਸਕਣ ਉਹਨਾਂ ਨੂੰ ਇੱਕ ਹੋਣਾ ਹੁੰਦਾ ਹੈ, ਉਨ੍ਹਾਂ ਨੂੰ ਇਹ ਕਰਨਾ ਹੀ ਹੈ ।

80 ਬੱਤਖਾਂ ਅਤੇ ਹੰਸਾਂ ਨੂੰ ਵੇਖੋ, ਆਪਣੇ ਦੇਸ਼ ਨੂੰ ਛੱਡਣ ਤੋਂ ਪਹਿਲਾਂ ਉਹ ਆਪਸ ਵਿੱਚ ਇੱਕਠੀਆਂ ਹੋ ਜਾਂਦੀਆਂ ਹਨ। ਸਮਝੇ? ਉਹ ਆਪਸ ਵਿੱਚ ਮਿਲ ਜਾਂਦੀਆਂ ਹਨ। ਤੁਸੀਂ ਉਹਨਾਂ ਨੂੰ ਇਸ ਤਲਾਬ ਤੋਂ ਓਸ ਤਲਾਬ ਤੱਕ ਉੱਡਦੇ ਹੋਏ ਵੇਖ ਸਕਦੇ ਹੋ, ਇਸ ਜਗਾ ਤੋਂ ਓਸ ਜਗਾ ਤੱਕ, ਉਹ ਸਭ ਇੱਕਠੀਆਂ ਹੋ ਰਹੀਆਂ ਹੁੰਦੀਆਂ ਹਨ। ਉਹ ਏਕਾ ਕਰ ਰਹੀਆਂ ਹੁੰਦੀਆਂ ਹਨ, ਉਹ ਉਡਾਰੀ ਮਾਰਨ ਦੇ ਲਈ ਤਿਆਰੀ ਕਰ ਰਹੀਆਂ ਹੁੰਦੀਆਂ ਹਨ। ਸਮਝੇ, ਇਹ ਤਾਂ ਬੱਸ...ਇਹ ਪ੍ਰਕਿਰਤੀ ਹੈ ਅਤੇ ਪਰਮੇਸ਼ੁਰ ਨੇ ਹੀ ਪ੍ਰਕਿਰਤੀ ਨੂੰ ਬਣਾਇਆ ਹੈ ਅਤੇ ਪ੍ਰਕਿਰਤੀ ਪਰਮੇਸ਼ੁਰ ਦੀ ਯੋਜਨਾ ਅਨੁਸਾਰ ਕੰਮ ਕਰਦੀ ਹੈ। ਇਹ ਇੱਕ ਦਸਤੂਰ ਹੈ, ਪਰਮੇਸ਼ੁਰ ਦਾ ਅਲਿਖਿਤ ਦਸਤੂਰ ਹੈ ਕਿ ਪ੍ਰਕਿਰਤੀ ਉਹਦੇ ਦਸਤੂਰ ਦੇ ਅਨੁਸਾਰ ਕੰਮ ਕਰਦੀ ਹੈ।

81 ਠੀਕ ਉਸੇ ਤਰਾਂ ਜਿਵੇਂ ਅੰਤਿਮ ਸੰਸਕਾਰ ਦੀ ਸਭਾ ਵਿੱਚ ਬੋਲ ਰਿਹਾ ਸੀ, ਉਸ ਰਸ ਬਾਰੇ ਜੋ ਕਬਰ ਦੇ ਅੰਦਰ, ਰੁੱਖ ਦੀਆਂ ਜੜ੍ਹਾਂ ਦੇ ਅੰਦਰ ਚਲਾ ਜਾਂਦਾ ਹੈ, ਤਾਂਕਿ ਉਹ ਉਦੋਂ ਤੱਕ ਉਥੇ ਪਿਆ ਰਹੇ ਜੱਦ ਤੱਕ ਬਸੰਤ ਰੁੱਤ ਵਿੱਚ ਫਿਰ ਤੋਂ ਪੁਨਰ-ਉਥਾਨ ਨਹੀਂ ਹੋ ਜਾਂਦਾ। ਇਹ ਪਰਮੇਸ਼ੁਰ ਦਾ ਦਸਤੂਰ ਹੈ। ਕੋਈ ਅਜਿਹੀ ਬੁੱਧ ਨਹੀਂ ਜੋ ਉਸ ਰਸ ਨੂੰ ਹੇਠਾਂ ਭੇਜ ਸਕੇ; ਤੁਸੀਂ ਇਸ ਨੂੰ ਬਾਹਰ ਨਹੀਂ ਕੱਢ ਸਕਦੇ, ਤੁਸੀਂ ਇਸ ਨੂੰ ਬਾਹਰ ਨਹੀਂ ਖਿੱਚ ਸਕਦੇ। ਇਸ ਨੂੰ ਕਰਨ ਲਈ ਉਸ ਤੋਂ ਵਧੀਆ ਹੋਰ ਕੋਈ ਤਰੀਕਾ ਨਹੀਂ ਹੈ ਜਿਵੇਂ ਪਰਮੇਸ਼ੁਰ ਇਸ ਨੂੰ ਕਰਦਾ ਹੈ। ਪਰਮੇਸ਼ੁਰ ਕੋਲ ਸਿੱਧ ਤਰੀਕਾ ਹੈ। ਇਸ ਲਈ ਜਦੋਂ ਪੱਤੇ ਝੜ ਜਾਂਦੇ ਹਨ, ਤੱਦ ਉਹ ਰਸ ਨੂੰ ਹੇਠਾਂ ਕਬਰ ਵਿੱਚ ਭੇਜ ਦਿੰਦਾ ਹੈ ਅਤੇ ਇਸ ਨੂੰ ਲੁਕਾ ਦਿੰਦਾ ਹੈ। ਜਿਵੇਂ ਅਯੂਬ ਨੇ ਕਿਹਾ ਸੀ, "ਮੈਨੂੰ ਕਬਰ ਵਿੱਚ ਲੁਕਾ ਛੱਡ ਜਦ ਤਕ ਤੇਰਾ ਕ੍ਰੋਧ ਸ਼ਾਂਤ ਨਹੀਂ ਹੋ ਜਾਂਦਾ"। ਸਮਝੇ? ਕੋਰੇ ਤੋਂ ਪਹਿਲਾਂ ਇਹ ਹੇਠਾਂ ਚਲਾ ਜਾਂਦਾ ਹੈ ਕਿਓਂਕਿ ਇਹ ਪ੍ਰਕਿਰਤੀ ਦਾ ਦਸਤੂਰ ਹੈ। ਪੱਤਿਆਂ ਦੀ ਵਲ੍ਹ ਨਿਗਾਹ ਕਰੋ, ਉਹ ਹੁਣ ਝੜਨੇ ਸ਼ੁਰੂ ਹੋ ਗਏ ਹਨ। ਕਿਓਂ? ਇਹ ਕੁਦਰਤ ਦਾ ਦਸਤੂਰ ਹੈ।

82 ਬੱਤਖਾਂ ਇੱਕਠੀਆਂ ਹੋ ਜਾਣਗੀਆਂ, ਉਹਨਾਂ ਵਿਚੋਂ ਹਰੇਕ ਅਤੇ ਆਪਣੇ ਆਗੂ ਦੇ ਆਲੇ ਦੁਆਲੇ ਇੱਕਠੀਆਂ ਹੋ ਜਾਣਗੀਆਂ। ਉਥੇ ਓਹ ਕਿਸੇ ਨਾ ਕਿਸੇ ਤਰਾਂ ਜਾਣ ਲੈਣਗੀਆਂ, ਮੈਂ ਨਹੀਂ ਜਾਣਦਾ ਉਹ ਇੰਝ ਕਿਵੇਂ ਕਰਦੀਆਂ ਹਨ ਪਰ ਉਹ ਜਾਣਦੀਆਂ ਹਨ ਕਿ ਇੱਕ ਖਾਸ ਨਰ ਬੱਤਖ ਉਹਨਾਂ ਦਾ ਆਗੂ ਹੈ। ਅਤੇ ਉਹ ਛੋਟਾ ਨਰ, ਉਹ ਸਾਰੀਆਂ ਮਿਲ ਕੇ ਉਹਦੇ ਆਲੇ ਦੁਆਲੇ ਇੱਕਠੀਆਂ ਹੋ ਜਾਂਦੀਆਂ ਹਨ ਅਤੇ ਹਵਾ ਵਿੱਚ ਉਪਰ ਉੱਠਦੀਆਂ ਹਨ। ਅਤੇ ਉਹ...ਹੁਣ ਪਹਿਲੇ ਕਦੇ ਉਸ ਤਲਾਬ ਤੋਂ ਨਹੀਂ ਗਿਆ; ਉਹ ਬੱਸ ਸਿੱਧਾ ਹੀ ਲੁਈਸਿਆਨਾ ਜਾਂ ਟੈਕਸਾਸ ਦੇ ਚੌਲਾਂ ਦੇ ਖੇਤਾਂ ਵਿੱਚ ਚਲਾ ਜਾਵੇਗਾ। ਸਮਝੇ, ਇਸ ਤੋਂ ਪਹਿਲਾਂ ਕਿ ਉਹ ਉਡਾਰੀ ਮਾਰ ਕੇ ਆਪਣੇ ਉਸ ਘਰ ਨੂੰ ਛੱਡਣ ਲਈ ਜਿਥੇ ਉਹਨਾਂ ਦਾ ਓਸ ਸਾਲ ਜਨਮ ਹੋਇਆ ਸੀ, ਉਹ ਇੱਕਠੀਆਂ ਹੋ ਜਾਂਦੀਆਂ ਹਨ। ਆਮੀਨ! ਤੁਸੀਂ ਵੀ ਇਸੇ ਹਾਲਤ ਵਿੱਚ ਹੋ; ਆਪਣੇ ਆਗੂ ਦੇ ਆਲੇ ਦੁਆਲੇ ਇੱਕਠੇ ਹੋ ਰਹੇ ਹੋ।

83 ਮਨੁੱਖ ਦੀ ਇਹ ਪਰੇਸ਼ਾਨੀ ਹੈ ਕਿ ਉਹ ਆਪਣੇ ਆਗੂ ਨੂੰ ਨਹੀਂ ਜਾਣਦਾ। ਜੀ ਹਾਂ, ਸ੍ਰੀ ਮਾਨ। ਉਹ ਇੱਕ ਫਿਰਕਾਪ੍ਰਸਤ ਕਲੀਸਿਯਾ ਦੇ ਆਲੇ ਦੁਆਲੇ ਇੱਕਠੇ ਹੋ ਜਾਣਗੇ, ਉਹ ਇੱਕ ਬਿਸ਼ਪ ਜਾਂ ਇੱਕ ਮਨੁੱਖ ਦੇ ਆਲੇ ਦੁਆਲੇ ਇੱਕਠੇ ਹੋ ਜਾਣਗੇ ਪਰ ਉਹ ਵਚਨ ਦੇ ਵਿੱਚ ਪਵਿੱਤਰ ਆਤਮਾ ਜੋ ਆਗੂ ਹੈ ਦੇ ਆਲੇ ਦੁਆਲੇ ਇੱਕਠੇ ਨਹੀਂ ਹੋਣਗੇ। ਸਮਝੇ? ਉਹ ਕਹਿੰਦੇ ਹਨ, "ਔਹ, ਅੱਛਾ, ਮੈਨੂੰ ਡਰ ਹੈ ਕਿ ਮੈਂ ਇੱਕ ਕੱਟੜਪੰਥੀ ਹੋ ਜਾਵਾਂਗਾ; ਮੈਨੂੰ ਡਰ ਹੈ ਕਿ ਮੈਂ ਗਲਤ ਰਸਤੇ ਪੈ ਜਾਵਾਂਗਾ"। ਔਹ, ਤੁਸੀਂ ਅਜਿਹੀ ਹਾਲਤ ਵਿੱਚ ਹੋ! ਕੀ ਹੋਵੇਗਾ ਜੇ

ਛੋਟੀ ਬੱਤਖ ਆਖੇ, "ਮੈਨੂੰ ਬੱਸ ਉਹਦਾ ਤਰੀਕਾ ਪਸੰਦ ਨਹੀਂ ਜਿਸ ਤਰਾਂ ਉਹ ਆਪਣੇ ਖੰਭ ਰੱਖਦਾ ਹੈ । ਮੈਂ ਨਹੀਂ ਸੋਚਦੀ ਕਿ ਮੈਂ ਉਹਦੇ ਪਿੱਛੇ ਚਲਾਂਗੀ" । ਤੁਸੀਂ ਠੰਢ ਨਾਲ ਆਕੜ ਕੇ ਮਰ ਜਾਵੋਗੇ । ਤੁਸੀਂ ਉਥੇ ਹੀ ਫੜੇ ਜਾਵੋਗੇ ਜੇਕਰ ਤੁਸੀਂ ਉਹਨਾਂ ਦੇ ਨਾਲ ਉਡਾਣ ਨਹੀਂ ਭਰਦੇ ਹੋ । ਉਹ ਆਪਣੇ ਆਪ ਨੂੰ ਇਕਠੇ ਕਰ ਲੈਂਦੀਆਂ ਹਨ, ਅਤੇ ਪ੍ਰਕਿਰਤੀ ਇੰਝ ਹੀ ਕਰਦੀ ਹੈ ।

84 ਹੰਸ ਆਪਸ ਵਿੱਚ ਇੱਕਠੇ ਹੁੰਦੇ ਹਨ, ਆਪਣੇ ਆਪ ਨੂੰ ਆਪਣੇ ਆਗੂ ਦੇ ਆਲੇ ਦੁਆਲੇ ਇੱਕਠੇ ਕਰਦੇ ਹਨ; ਉਹ ਵੀ ਉਹੀ ਕੰਮ ਕਰਦੀਆਂ ਹਨ ।

85 ਕੀ ਤੁਸੀਂ ਕਦੇ ਮਧੂ ਮੱਖੀਆਂ ਦੇ ਝੁੰਡ ਵਲ੍ਹ ਛੱਤਾ ਛੱਡਣ ਤੋਂ ਪਹਿਲਾਂ ਧਿਆਨ ਦਿੱਤਾ ਹੈ? ਮਖੀਆਂ ਛੱਤਾ ਛੱਡਣ ਤੋਂ ਪਹਿਲਾਂ ਆਪਣੇ ਆਪ ਨੂੰ ਆਪਣੀ ਰਾਣੀ ਦੇ ਚਾਰੇ ਪਾਸੇ ਇੱਕਠੇ ਕਰਦੀਆਂ ਹਨ । ਇਹ ਠੀਕ ਹੈ । ਅਤੇ ਜਿਥੇ ਉਹ ਜਾਂਦੀ ਹੈ, ਉਹ ਵੀ ਉਥੇ ਹੀ ਜਾਂਦੀਆਂ ਹਨ । ਹਾਂ! ਉਹ ਕੀ ਕਰਦੀਆਂ ਹਨ? ਉਹ ਛੱਤਾ ਛੱਡਣ ਤੋਂ ਪਹਿਲਾਂ ਏਕਾ ਕਰਦੀਆਂ ਹਨ । ਬਿਲਕੁਲ ਠੀਕ ਹੈ; ਹਰੇਕ ਪ੍ਰਕਿਰਤੀ!

86 ਮੱਛੀਆਂ ਬਸੰਤ ਰੁੱਤ ਵਿੱਚ ਪਾਣੀ ਬੱਦਲਣ ਤੋਂ ਪਹਿਲਾਂ ਆਪਸ ਵਿੱਚ ਇੱਕਠੀਆਂ ਹੁੰਦੀਆਂ ਹਨ । ਸਮੁੰਦਰ ਵਿੱਚ ਤੁਸੀਂ ਉਹਨਾਂ ਨੂੰ ਵੇਖ ਸਕਦੇ ਹੋ; ਉਹ ਵਡੀਆਂ ਵੱਡੀਆਂ... ਜਿਹਨਾਂ ਨੂੰ ਅਸੀਂ "ਹੰਪੀ", ਜਾਂ ਗੇਰੂਆ ਕਹਿੰਦੇ ਹਾਂ । ਜਦੋਂ ਉਹ ਓਸ ਵਹਾਓ ਦੇ ਆਉਣ ਤੋਂ ਪਹਿਲਾਂ ਉਥੇ ਆਉਂਦੀਆਂ ਹਨ, ਤੁਸੀਂ ਉਹਨਾਂ ਨੂੰ ਦੱਸ ਹਜਾਰਾਂ ਦੀ ਗਿਣਤੀ ਵਿੱਚ ਵੇਖ ਸਕਦੇ ਹੋ, ਉਹ ਚਾਰੇ ਪਾਸਿਆਂ ਤੋਂ ਆ ਰਹੀਆਂ ਹੁੰਦੀਆਂ ਹਨ; ਉਸ ਸਮੁੰਦਰ ਵਿੱਚ ਜਿਹਦਾ ਪਾਣੀ ਖਾਰਾ ਹੁੰਦਾ ਹੈ ਪਰ ਅਸਲ ਵਿੱਚ ਉਹ ਤਾਜੇ ਪਾਣੀ ਵਾਲੀਆਂ ਮੱਛੀਆਂ ਹੁੰਦੀਆਂ ਹਨ । ਅਤੇ ਇਥੇ ਉਹ ਤਾਜੇ ਪਾਣੀ ਤੱਕ ਆਉਂਦੀਆਂ ਹਨ ਤਾਂ ਜੋ ਅੰਡੇ ਦੇਣ ਦੀ ਰੁੱਤ ਲਈ ਤਿਆਰ ਹੋਣ । ਉਹ ਉਥੇ ਲਗਭਗ ਹਰ ਚਾਰ ਸਾਲ ਬਾਅਦ ਜਾਂਦੀਆਂ ਹਨ ਅਤੇ ਅੰਡੇ ਦੇਂਦੀਆਂ ਹਨ ਅਤੇ ਅੰਡੇ ਦਿੰਦੇ ਸਾਰ ਹੀ ਉਹ ਮਰ ਜਾਂਦੀਆਂ ਹਨ । ਅਤੇ ਉਹ ਜਾਣਦੀਆਂ ਹਨ ਕਿ ਉਹ ਉਥੇ ਮਰਨ ਲਈ ਜਾ ਰਹੀਆਂ ਹਨ ਅਤੇ ਤੁਸੀਂ ਉਹਨਾਂ ਨੂੰ ਕਿਸੇ ਵੀ ਚੀਜ ਨਾਲ ਰੋਕ ਨਹੀਂ ਸਕਦੇ । ਉਹ ਮੱਛੀਆਂ ਰੋਕਣ ਲਈ ਲਾਈਆਂ ਹੋਈਆਂ ਜਾਲੀਆਂ ਅਤੇ ਹਰੇਕ ਚੀਜ ਨੂੰ ਟੱਪ ਕੇ ਉਥੇ ਪਹੁੰਚਣਗੀਆਂ, ਇਹ ਜਾਣਦੇ ਹੋਏ ਕਿ ਉਹ ਆਪਣੀ ਮੌਤ ਕੋਲ ਜਾ ਰਹੀਆਂ ਹਨ । ਪਰ ਪ੍ਰਕਿਰਤੀ ਦਾ ਦਸਤੂਰ ਉਨ੍ਹਾਂ ਤੋਂ ਇਹ ਕਰਵਾਉਂਦਾ ਹੈ, ਇਹ ਜਾਣਦੇ ਹੋਏ ਕਿ ਉਹ ਉਥੇ ਜਾ ਕੇ ਖੁੱਡ ਵਿੱਚ ਅੰਡੇ ਦੇਣਗੀਆਂ ਅਤੇ ਮਰ ਜਾਣਗੀਆਂ । ਅਤੇ ਫਿਰ ਛੋਟੀਆਂ ਛੋਟੀਆਂ ਮੱਛੀਆਂ ਬਾਹਰ ਆਉਂਦੀਆਂ ਹਨ ਅਤੇ ਫਿਰ ਕੋਈ ਚੀਜ ਉਹਨਾਂ ਨੂੰ ਆਪਸ ਵਿੱਚ ਇੱਕਠੇ ਕਰਦੀ ਹੈ ਅਤੇ ਉਹ ਮਹਾਸਾਗਰ ਵਿੱਚ ਚਲੀਆਂ ਜਾਂਦੀਆਂ ਹਨ । ਇਹ ਏਕੀਕਰਨ ਹੈ! ਇਹ ਇੱਕ ਨਿਯਮ ਹੈ । ਤੁਸੀਂ ਪਰਮੇਸ਼ੁਰ ਦੇ ਨਿਯਮ ਅਰਥਾਤ ਦਸਤੂਰ ਨੂੰ ਮਾਤ ਨਹੀਂ ਦੇ ਸਕਦੇ ।

87 ਰਾਸ਼ਟਰ ਟੁੱਟ ਰਹੇ ਹਨ ਕਿਓਂਕਿ ਹੁਣ ਇਹ ਸਮਾਂ ਹੈ ਕਿ ਉਹਨਾਂ ਨੂੰ ਇਹ ਕਰਨਾ ਚਾਹੀਦਾ ਹੈ । ਅਸੀਂ ਰਾਸ਼ਟਰੀ ਖਲਲ ਦੀ ਪ੍ਰਕਿਰਿਆ ਵਿੱਚ ਹਾਂ । ਅਸੀਂ ਵੇਖ ਰਹੇ ਹਾਂ ਕਿ ਰਾਸ਼ਟਰ ਸਾਂਝ ਨੂੰ ਤੋੜ ਰਹੇ ਹਨ । ਸਾਲ ਬਰ ਸਾਲ ਅਸੀਂ ਵੇਖਦੇ ਹਾਂ ਕਿ *ਇਹ* ਰਾਸ਼ਟਰ ਸਾਮਵਾਦ ਦੁਆਰਾ ਨਿਗਲਿਆ ਜਾ ਰਿਹਾ ਹੈ; *ਇਹ* ਵਾਲਾ ਸਾਮਵਾਦ ਵਿੱਚ ਨਿਗਲਿਆ ਜਾ ਰਿਹਾ ਹੈ । ਅਤੇ ਸਾਡੇ ਆਪਣੇ ਦੇਸ਼ ਵਿੱਚ, ਇਹ ਸਾਮਵਾਦ ਦੁਆਰਾ ਘੇਰਿਆ ਗਿਆ ਹੈ ਅਤੇ ਇਹ ਇਸ ਉੱਤੇ ਅਧਿਕਾਰ ਕਰ ਲਵੇਗਾ! ਸਮਝੋ, ਇਹ ਇੰਝ ਕਰੇਗਾ ਅਤੇ ਇਹਨੂੰ ਰੋਕਣ ਦਾ ਕੋਈ ਤਰੀਕਾ ਨਹੀਂ ਹੈ । ਕਿਓਂ? ਬਿਲਕੁਲ ਉਹੀ ਕਾਰਨ ਜਿਵੇਂ ਤੁਸੀਂ ਤੀਤੁਸ ਨੂੰ ਨਹੀਂ ਰੋਕ ਸਕਦੇ

ਸੀ । ਲੋਕਾਂ ਨੇ ਪਰਮੇਸ਼ੁਰ ਅਤੇ ਉਹਦੇ ਵਚਨ ਨੂੰ ਰੱਦ ਦਿਤਾ ਹੈ । ਹਾਂ, ਸ਼੍ਰੀਮਾਨ, ਇਸ ਲਈ ਉਹ ਇਹ ਕਰਣਗੇ ਅਤੇ ਅਸੀਂ ਇਸ ਨੂੰ ਹੁੰਦੇ ਹੋਏ ਵੇਖ ਰਹੇ ਹਾਂ ।

88 ਮੈਂ ਆਮ ਤੌਰ ਤੇ ਕੁਝ ਘੰਟੇ ਲੈਂਦਾ ਹਾਂ; ਪਰ ਮੈਂ ਪਹਿਲਾਂ ਹੀ ਲਗਭਗ ਤੀਹ ਮਿੰਟ ਲੈ ਲਏ ਹਨ । ਸਮਝੇ? ਪਰ ਇਹ ਸਾਰੀਆਂ ਗਲਾਂ ਨੂੰ ਅੰਦਰ ਲਿਆਉਣ ਦੇ ਲਈ ਮੈਂ ਕੋਸਿਸ਼ ਕਰ ਰਿਹਾ ਹਾਂ । ਤੁਸੀਂ ਜਦੋਂ ਘਰ ਜਾਵੋਗੇ ਤਾਂ ਇਸ ਨੂੰ ਪੜ੍ਹ ਲੈਣਾ ।

89 ਧਿਆਨ ਦਿਓ, ਠੀਕ ਇਸ ਵੇਲੇ ਉਹ ਏਕੀਕਰਨ ਕਰ ਰਹੇ ਹਨ । ਤੁਸੀਂ ਕਹਿੰਦੇ ਹੋ, "ਭਾਈ ਬ੍ਰੈਨਹਾਮ, ਕੀ ਇਹ ਸੱਚ ਹੈ?" ਉਹ ਹਰਮੱਗਿਦੋਨ ਦੇ ਯੁੱਧ ਦੇ ਲਈ ਆ ਰਹੇ ਹਨ; ਉਹ ਠੀਕ ਇੰਝ ਹੀ ਕਰਣਗੇ । ਸਮਝੇ? ਅਤੇ ਹੁਣ ਉਹ ਇਹਦੇ ਲਈ ਏਕਾ ਕਰ ਰਹੇ ਹਨ । ਇਸ ਲਈ ਸਾਡੇ ਕੋਲ ਸੰਯੁਕਤ ਰਾਸ਼ਟਰ (UN) ਅਤੇ ਹਰੇਕ ਚੀਜ ਹੈ । ਪੱਛਮੀ ਜਗਤ ਪੂਰਵੀ ਜਗਤ ਦੇ ਵਿਰੁੱਧ ਏਕਾ ਕਰ ਰਿਹਾ ਹੈ, ਸਾਮਵਾਦ ਅਤੇ ਇਸ ਤਰਾਂ ਦੀਆਂ ਹੋਰ ਚੀਜਾਂ ਆਪਸ ਵਿੱਚ ਏਕਾ ਕਰ ਰਹੀਆਂ ਹਨ । ਕਲੀਸੀਯਾਵਾਂ ਆਪਸ ਵਿੱਚ ਏਕਾ ਕਰ ਰਹੀਆਂ ਹਨ । ਇੰਝ ਲਗਦਾ ਹੈ ਹਰੇਕ ਚੀਜ ਏਕੀਕਰਨ ਕਰ ਰਹੀ ਹੈ । ਏਕੀਕਰਨ, ਆਪਸ ਵਿੱਚ ਏਕੀਕਰਨ ਕਰ ਰਹੀਆਂ ਹਨ, ਅਸੀਂ ਇਹ ਵੇਖ ਰਹੇ ਹਾਂ ।

90 ਇਹ ਵੀ ਹੈ, ਇਹ ਸਭ ਰਾਸ਼ਟਰਾਂ ਦਾ ਏਕੀਕਰਨ, ਇਹ ਨਿਸ਼ਾਨ, ਰਾਸ਼ਟਰੀ ਨਿਸ਼ਾਨ, ਅਸੀਂ ਸੰਸਾਰ ਵਿੱਚ ਇਹਨਾਂ ਨੂੰ ਵੇਖਦੇ ਹਾਂ, ਥਾਂ ਥਾਂ ਤੇ ਭੂਚਾਲ, ਵੱਖ ਵੱਖ ਚੀਜਾਂ ਏਕਾ ਕਰ ਰਹੀਆਂ ਹਨ, ਸੰਸਾਰ ਨੂੰ ਆਪਸ ਵਿੱਚ ਮਿਲਾ ਰਹੇ ਹਨ, ਲੋਕਾਂ ਨੂੰ ਆਪਸ ਵਿੱਚ ਮਿਲਾ ਰਹੇ ਹਨ, ਸਭ ਕਲੀਸਿਯਾਵਾਂ ਇੱਕਠੀਆਂ, ਇਹ ਸਭ ਚੀਜਾਂ । ਅਤੇ ਜੱਦ ਇਹ ਸਭ ਚੀਜਾਂ ਦਾ ਏਕੀਕਰਨ ਹੋ ਰਿਹਾ ਹੈ ਤਾਂ ਇਥੇ ਇੱਕ ਹੋਰ ਵੀ ਏਕੀਕਰਨ ਹੋ ਰਿਹਾ ਹੈ । ਆਮੀਨ! ਇਹੀ ਉਹ ਗਲ ਹੈ ਜਿਸ ਵਲ ਮੈਂ ਤੁਹਾਨੂੰ ਇਸ਼ਾਰਾ ਕਰਨਾ ਚਾਹੁੰਦਾ ਹਾਂ ।

91 ਪਰਮੇਸ਼ੁਰ ਆਪਣੀ ਲਾੜੀ ਦਾ ਏਕੀਕਰਨ ਕਰ ਰਿਹਾ ਹੈ । ਉਹ ਪੂਰਬ, ਪੱਛਮ, ਉੱਤਰ ਅਤੇ ਦੱਖਣ ਤੋਂ ਆ ਕੇ ਆਪਸ ਵਿੱਚ ਮਿਲ ਰਹੀ ਹੈ । ਇੱਕ ਏਕੀਕਰਨ ਦਾ ਸਮਾਂ ਹੈ ਅਤੇ ਉਹ ਹੁਣ ਹੈ । ਉਹ ਕਾਹਦੇ ਲਈ ਏਕਾ ਕਰ ਰਹੀ ਹੈ? ਰੈਪਚਰ ਅਰਥਾਤ ਸਵਰਗ ਵਿੱਚ ਉਠਾਏ ਜਾਣ ਦੇ ਲਈ । ਆਮੀਨ! ਪਰਮੇਸ਼ੁਰ ਉਹਨੂੰ ਤਿਆਰ ਕਰ ਰਿਹਾ ਹੈ । ਹਾਂ ਸ਼੍ਰੀਮਾਨ, ਏਕੀਕਰਨ! ਉਹ ਕਿਸ ਦੇ ਨਾਲ ਏਕੀਕਰਨ ਕਰ ਰਹੀ ਹੈ? ਵਚਨ ਦੇ ਨਾਲ! "ਕਿਓਂਕਿ ਅਕਾਸ਼ ਅਤੇ ਧਰਤੀ ਟੱਲ ਜਾਣਗੇ ਪਰ ਮੇਰੇ ਵਚਨ ਕਦੇ ਨਹੀਂ ਟੱਲਣਗੇ" । ਉਹ ਆਪਣੇ ਆਪ ਨੂੰ ਯਹੋਵਾਹ ਇੰਝ ਫ਼ਰਮਾਉਂਦਾ ਹੈ ਨਾਲ ਇੱਕ ਕਰ ਰਹੀ ਹੈ, ਇਸ ਦੀ ਪਰਵਾਹ ਕੀਤੇ ਬਿਨਾ ਕਿ ਕੋਈ ਫਿਰਕਾਪ੍ਰਸ਼ਤ ਕਲੀਸਿਯਾ ਜਾਂ ਕੋਈ ਹੋਰ ਕੀ ਆਖਦਾ ਹੈ । ਉਹ ਆਪਣੇ ਆਪ ਦਾ ਏਕੀਕਰਨ ਕਰ ਰਹੀ ਹੈ । ਉਹ ਤਿਆਰ ਹੋ ਰਹੀ ਹੈ । ਕਿਓਂ? ਕਿਓਂਕਿ ਉਹ ਲਾੜੀ ਹੈ । ਇਹ ਠੀਕ ਹੈ । ਅਤੇ ਉਹ ਆਪਣੇ ਲਾੜੇ ਦੇ ਨਾਲ ਏਕਾ ਕਰ ਰਹੀ ਹੈ, ਸਮਝੇ, ਅਤੇ ਲਾੜਾ ਵਚਨ ਹੈ । "ਆਦ ਵਿੱਚ ਵਚਨ ਸੀ, ਵਚਨ ਪਰਮੇਸ਼ੁਰ ਦੇ ਨਾਲ ਸੀ ਅਤੇ ਵਚਨ ਹੀ ਪਰਮੇਸ਼ੁਰ ਸੀ । ਅਤੇ ਵਚਨ ਦੇਹਧਾਰੀ ਹੋਇਆ ਅਤੇ ਸਾਡੇ ਵਿਚਕਾਰ ਵਾਸ ਕੀਤਾ" ।

92 ਕਲੀਸਿਯਾ ਅਤੇ ਲਾੜੀ ਅਤੇ ਵਚਨ ਇੰਨੇ ਇੱਕ ਹੋ ਰਹੇ ਹਨ ਕਿ ਉਹੀ ਵਚਨ ਆਪ ਹੀ ਲਾੜੇ ਦੇ ਕੰਮ ਕਰ ਰਿਹਾ ਹੈ । ਆਮੀਨ! ਤੁਸੀਂ ਇਹਨੂੰ ਵੇਖਦੇ ਹੋ? ਇੱਕ ਏਕੀਕਰਨ! ਹੋਰ ਜਿਆਦਾ "ਕਲੀਸਿਯਾ ਨਾਲ ਜੁੜਨਾ" ਨਹੀਂ; ਹੋਰ ਜਿਆਦਾ *ਇਹ* ਨਹੀਂ ਪਰ ਹਰੇਕ ਚੀਜ ਤੋਂ ਭੱਜਣਾ ਅਤੇ ਯਿਸੂ ਮਸੀਹ ਨਾਲ ਜੁੜਨਾ ਹੈ । ਸਮਝੇ? ਇਹ ਏਕੀਕਰਨ ਦਾ ਸਮਾਂ ਹੈ ।

ਪਰਮੇਸ਼ੁਰ ਆਪਣੀ ਲਾੜੀ ਦਾ ਏਕੀਕਰਨ ਕਰ ਰਿਹਾ ਹੈ, ਉਸ ਨੂੰ ਵਾਪਸ ਲੈ ਕੇ ਆ ਰਿਹਾ ਹੈ; ਬਿਲਕੁਲ ਇਸੇ ਤਰਾਂ। ਆਪਣੇ ਵਾਅਦਿਆਂ ਦੇ ਵਚਨ ਦਾ ਏਕੀਕਰਨ ਕਰ ਰਿਹਾ ਹੈ।

93 ਦੂਜਾ ਥੱਸਲੁਨੀਕੀਆਂ, ਦੂਜਾ ਅਧਿਆਏ; ਇਹ ਕਹਿੰਦਾ ਹੈ, ਇਸਦਾ ਪੰਜਵਾਂ ਅਧਿਆਏ ਕਹਿੰਦਾ ਹੈ, "ਉਹ ਸੰਤ ਜਿਹੜੇ ਧਰਤੀ ਦੀ ਧੂੜ ਵਿੱਚ ਸੁਤੇ ਪਏ ਹਨ ਜਾਗ ਜਾਣਗੇ। ਅਤੇ ਫਿਰ ਅਸੀਂ ਉਹਨਾਂ ਨਾਲ ਏਕਾ ਕਰਾਂਗੇ (ਜਿਉਂਦੇ ਲੋਕ ਉਹਨਾਂ ਨਾਲ ਏਕਾ ਕਰਣਗੇ ਜਿਹੜੇ ਮਰੇ ਹੋਏ ਹਨ), ਉਪਰ ਜਾਣ ਤੋਂ ਪਹਿਲਾਂ ਅਸੀਂ ਏਕਾ ਕਰਾਂਗੇ." 'ਕਿਉਂਕਿ ਲਾੜੀ ਜੱਦ ਉਥੇ ਪਹੁੰਚੇਗੀ ਤਾਂ ਉਹ ਸੰਪੂਰਣ ਹੋਵੇਗੀ। ਉਹ ਜਿਹੜੇ ਜਿਉਂਦੇ ਹਨ, ਜਿਹੜੇ ਆਪਣੇ ਆਪ ਨੂੰ ਵਚਨ ਨਾਲ ਇੱਕ ਕਰ ਰਹੇ ਹਨ ਅਤੇ ਉਹ ਜਿਹੜੇ ਪਹਿਲਾਂ ਹੀ ਇਹ ਕਰਕੇ ਜਾ ਚੁੱਕੇ ਹਨ; ਅਤੇ ਉਹ ਸਾਰੇ ਇੱਕਠੇ ਹੋ ਕੇ ਉਪਰ ਜਾਣ ਤੋਂ ਪਹਿਲਾਂ ਏਕੀਕਰਨ ਦੀ ਇੱਕ ਮਹਾਨ ਇੱਕਾਈ ਬਣਾਉਂਦੇ ਹਨ। ਆਮੀਨ!

94 ਸਾਮਵਾਦ ਨੇ ਉੱਠਣਾ ਹੀ ਹੈ, ਇਨ੍ਹਾਂ ਦੂਸਰੀਆਂ ਗਲਾਂ ਨੂੰ ਤਾਂ ਉੱਠਣਾ ਹੀ ਹੈ ਅਤੇ ਕਲੀਸਿਯਾ ਨੂੰ ਆਪਣਾ ਏਕਾ ਕਰਨਾ ਹੀ ਹੈ, ਜਦੋਂ ਉਹ...ਰਾਸ਼ਟਰ ਵਿਸ਼ਵ ਚਰਚ ਕੌਂਸਲ ਲਈ ਇੱਕ ਹੋ ਰਹੇ ਹਨ; ਤਾਂ ਲਾੜੀ ਨੇ ਆਪਣੇ ਆਪ ਦਾ ਪਰਮੇਸ਼ੁਰ ਦੇ ਵਚਨ ਹੇਠ ਏਕਾ ਕਰਨਾ ਹੀ ਹੈ। ਇਹ ਕਰਨ ਦੇ ਲਈ ਪਰਮੇਸ਼ੁਰ ਨੇ ਸਵਰਗੀ ਨਿਸ਼ਾਨ ਅਤੇ ਅਜਿਹੀਆਂ ਚੀਜਾਂ ਭੇਜੀਆਂ ਹਨ ਤਾਂ ਜੋ ਕਲੀਸਿਯਾ ਉੱਤੇ ਪ੍ਰਮਾਣਿਤ ਕਰ ਸਕੇ ਜਿਵੇਂ ਉਹ ਰਾਸ਼ਟਰਾਂ ਦੇ ਲਈ ਕਰ ਰਿਹਾ ਹੈ। ਆਮੀਨ।

95 ਪਰਮੇਸ਼ੁਰ; ਏਕੀਕਰਨ ਦਾ ਸਮਾਂ! ਜੀ ਹਾਂ ਸ੍ਰੀਮਾਨ। ਔਹ, ਮੇਰੇ! ਹੁਣ, ਇਹ ਯਾਦ ਰਖੋ, ਵਚਨ ਦਾ ਇੱਕ ਏਕੀਕਰਨ ਹੈ (ਦੁਬਾਰਾ ਇੱਕ ਹੋ ਰਿਹਾ ਹੈ), ਉਹ "ਉਸ ਵਿਸ਼ਵਾਸ ਨੂੰ ਜਿਹੜਾ ਇੱਕ ਹੀ ਵਾਰ ਸੰਤਾਂ ਨੂੰ ਸੌਂਪਿਆ ਗਿਆ ਸੀ" ਨੂੰ ਵਾਪਸ ਲੈ ਕੇ ਆ ਰਿਹਾ ਹੈ। ਵਾਪਸ ਲਿਆ ਰਿਹਾ ਹੈ! ਇਹ ਸਿਰਫ ਇਸੇ ਦਿਨ ਕੀਤਾ ਜਾ ਸਕਦਾ ਸੀ। ਇੱਕ ਹੀ ਸਮਾਂ ਹੈ ਜਿਸ ਵਿੱਚ ਇਹ ਕੀਤਾ ਜਾ ਸਕਦਾ ਸੀ ਅਤੇ ਉਹ ਸਮਾਂ ਹੁਣ ਹੈ। ਇਸ ਉਤੇ ਕਦੇ ਵੀ ਕਿਸੇ ਵੀ ਜਗਾ ਤੇ ਹਮਲਾ ਨਹੀਂ ਕੀਤਾ ਗਿਆ ਸੀ; ਉਹ ਫਿਰਕਾਪ੍ਰਸ਼ਤ ਹੋੜ ਦੇ ਵਿੱਚ ਚਲੇ ਗਏ। ਪਰ ਹੁਣ, ਇਹ ਕਿਸੇ ਵੀ ਫਿਰਕਾਪ੍ਰਸ਼ਤ ਹੋੜ ਨਾਲ ਸੰਬੰਧ ਨਹੀਂ ਰਖਦਾ ਹੈ ਕਿਉਂਕਿ ਇਹ ਹਰੇਕ ਨਸਲ, ਹਰੇਕ ਰੰਗ, ਹਰੇਕ ਮੱਤ ਦੇ ਆਦਮੀਆਂ ਅਤੇ ਔਰਤਾਂ ਲਈ ਏਕੀਕਰਨ ਦਾ ਸਮਾਂ ਹੈ ਜਿਹੜੇ ਪਵਿੱਤਰ ਆਤਮਾ ਦੇ ਬਪਤਿਸਮੇ ਦੁਆਰਾ ਮਸੀਹ ਦੇ ਹੇਠ ਹਨ ਅਤੇ ਮੁੜ੍ਹ ਵਚਨ ਵਲ ਜਾਣ ਦਾ ਸਮਾਂ ਹੈ।

96 ਕਲੀਸਿਯਾ ਦੇ ਲਈ ਏਕੀਕਰਨ ਦਾ ਸਮਾਂ ਹੈ! ਔਹ, ਮੇਰੇ! ਉਸ ਹਰੇਕ ਵਚਨ ਨੂੰ ਇੱਕਠਾ ਕੀਤਾ ਜਾ ਰਿਹਾ ਹੈ ਜਿਸ ਨੂੰ ਇਹਨਾਂ ਸੰਸਥਾਵਾਂ ਦੁਆਰਾ ਦੂਰ ਦੂਰ ਖਿੰਡਾ ਦਿੱਤਾ ਗਿਆ ਸੀ: ਜੱਦ ਤੋਂ ਨਿਸਿਅਨ, ਰੋਮ ਵਿੱਚ ਉਹਨਾਂ ਨੇ ਪਹਿਲੀ ਕਲੀਸਿਯਾ ਦੀ ਜਥੇਬੰਦੀ ਕੀਤੀ, ਅਤੇ ਉਨ੍ਹਾਂ ਨੇ ਲੂਥਰ ਨੂੰ ਜਥੇਬੰਦ ਕੀਤਾ, ਉਨ੍ਹਾਂ ਵੈਸਲੀ ਨੂੰ ਜਥੇਬੰਦ ਕੀਤਾ, ਉਨ੍ਹਾਂ ਨੇ ਬਾਕੀ ਸਾਰੀਆਂ ਕਲੀਸਿਯਾਵਾਂ ਨੂੰ ਜਥੇਬੰਦ ਕੀਤਾ। ਅਤੇ ਇਸ ਤਰਾਂ ਕਰਨ ਦੇ ਲਈ ਉਨ੍ਹਾਂ ਨੂੰ ਇੱਕ ਮੱਤ ਜਾਂ ਅਕੀਦਾ ਅਪਣਾਉਣਾ ਸੀ ਅਤੇ ਫਿਰ ਜੱਦ ਪਰਮੇਸ਼ੁਰ ਨੇ ਕੁਝ ਹੋਰ ਭੇਜਿਆ ਤਾਂ ਉਹ ਉਸ ਨੂੰ ਸਵੀਕਾਰ ਨਾ ਕਰ ਸਕੇ। ਇਸ ਲਈ, ਇਹ ਹੁਣ ਤੱਕ ਇਹ ਸੰਭਵ ਨਹੀਂ ਸੀ। ਅਤੇ ਪਰਮੇਸ਼ੁਰ ਨੇ ਅੰਤ ਦੇ ਦਿਨਾਂ ਲਈ ਵਾਅਦਾ ਕੀਤਾ ਸੀ ਕਿ, "ਪੇਵਾਂ ਦਾ ਵਿਸ਼ਵਾਸ ਵਾਪਸ ਲਾੜੀ ਨੂੰ ਦਿੱਤਾ ਜਾਵੇਗਾ" ਅਤੇ ਇਹ ਇਸੇ ਤਰਾਂ ਹੋਵੇਗਾ ਅਤੇ ਇਹ ਕਿਸੇ ਹੋਰ ਸਮੇਂ ਵਿੱਚ ਨਹੀਂ ਪਰ ਇਸ ਸਮੇਂ ਵਿੱਚ ਹੋਵੇਗਾ। ਵੇਖੋ, ਸਵਰਗ ਤੋਂ ਕਿਹੋ ਜਿਹਾ ਨਿਸ਼ਾਨ ਹੈ, ਜਿਵੇਂ ਇੱਕ ਅੱਗ ਦਾ ਥੰਮ੍ਹ ਸਾਡੇ

ਵਿਚਕਾਰ ਹੈ, ਪ੍ਰਭੂ ਯਿਸੂ ਮਸੀਹ ਦੇ ਅਚਰਜ ਕੰਮਾਂ ਅਤੇ ਨਿਸ਼ਾਨਾਂ ਦੇ ਨਾਲ ਹੈ। ਅਤੇ ਜਦ ਉਹ ਸਾਡੇ ਨਾਲ ਬੋਲਦਾ ਹੈ ਤਾਂ ਇਹ ਕਦੇ ਵੀ ਉਸੇ ਤਰਾਂ ਹੋਣ ਤੋਂ ਅਸਫਲ ਨਹੀਂ ਹੋਇਆ। ਆਮੀਨ! ਤਦ ਅਸੀਂ ਵੇਖਦੇ ਹਾਂ ਕਿ ਅਸੀਂ ਕਿਥੇ ਖੜੇ ਹਾਂ। ਏਕੀਕਰਨ ਦਾ ਸਮਾਂ!

97 ਅਸੀਂ ਰਾਸ਼ਟਰਾਂ ਨੂੰ ਏਕਾ ਕਰਦਿਆਂ ਵੇਖ ਰਹੇ ਹਾਂ, ਅਸੀਂ ਜਗਤ ਨੂੰ ਏਕਾ ਕਰਦਿਆਂ ਵੇਖ ਰਹੇ ਹਾਂ, ਅਸੀਂ ਸਾਮਵਾਦ ਨੂੰ ਏਕਾ ਕਰਦਿਆਂ ਵੇਖ ਰਹੇ ਹਾਂ, ਅਸੀਂ ਕਲੀਸੀਯਾਵਾਂ ਨੂੰ ਏਕਾ ਕਰਦਿਆਂ ਵੇਖ ਰਹੇ ਹਾਂ; ਅਤੇ ਅਸੀਂ ਵੇਖ ਰਹੇ ਹਾਂ ਕਿ ਪਰਮੇਸ਼ੁਰ ਆਪਣੇ ਆਪ ਨੂੰ ਆਪਣੀ ਲਾੜੀ ਨਾਲ ਇੱਕ ਕਰ ਰਿਹਾ ਹੈ ਜੱਦ ਤਕ ਉਹ ਅਤੇ ਉਹਦੀ ਕਲੀਸਿਯਾ ਇੱਕੋ ਚੀਜ ਨਹੀਂ ਬਣ ਜਾਂਦੇ। ਹਲਲੂਯਾਹ! ਓਸ ਪਿਰਾਮਿਡ ਵਾਂਗ। ਬਿਲਕੁਲ! ਆਪਸ ਵਿੱਚ ਏਕੀਕਰਨ ਕਰ ਰਹੇ ਹਨ; ਪਰਮੇਸ਼ੁਰ ਏਕੀਕਰਨ ਕਰ ਰਿਹਾ ਹੈ! ਕਿਓਂ? ਕਲੀਸਿਯਾ ਦੇ ਯੁੱਗ ਦੀ ਸ਼ੁਰੁਆਤ ਤੋਂ ਪਹਿਲਾਂ ਕਦੇ ਵੀ ਅੱਗ ਦਾ ਖੰਬਾ ਲੋਕਾਂ ਦੇ ਵਿਚਕਾਰ ਨਹੀਂ ਆਇਆ। ਕਲੀਸਿਯਾ ਦੇ ਯੁੱਗਾਂ ਦੀ ਸ਼ੁਰੁਆਤ ਤੋਂ ਲੈ ਕੇ ਉਹਨਾਂ ਨੇ ਪਹਿਲਾਂ ਕਦੇ ਵੀ ਉਹ ਚੀਜਾਂ ਨਹੀਂ ਵੇਖੀਆਂ ਸਨ ਜੋ ਅਸੀਂ ਵੇਖ ਰਹੇ ਹਾਂ। ਅਤੇ ਇਹ ਤੱਦ ਹੀ ਸੰਭਵ ਕੀਤਾ ਗਿਆ ਜਦੋਂ ਪਰਮੇਸ਼ੁਰ ਨੇ ਸੱਤ ਮੋਹਰਾਂ ਭੇਜੀਆਂ ਅਤੇ ਉਸੇ ਨਾਲ ਸਾਨੂੰ ਇੱਕ ਨਿਸ਼ਾਨ ਦਿੱਤਾ ਅਤੇ ਸਵਰਗ ਤੋਂ ਸੱਤ ਦੂਤ ਹੇਠਾਂ ਭੇਜੇ; ਅਤੇ ਉਹ ਫਿਰਕਾਪ੍ਰ੍ਸ਼ਤ ਕਲੀਸਿਯਾ ਵਿਚੋਂ ਖਿੰਡੇ ਹੋਏ ਵਚਨ ਨੂੰ ਵਾਪਸ ਲੈਣ ਲਈ ਆਏ ਅਤੇ ਇਸ ਨੂੰ ਮੁੜ੍ਹ ਪਰਮੇਸ਼ੁਰ ਦੇ ਵਚਨ ਵਿੱਚ ਜੋੜਿਆ ਤਾਂ ਕਿ ਉਹਦੇ ਪਵਿੱਤਰ ਆਤਮਾ ਨੂੰ ਹੇਠਾਂ ਲੈ ਕੇ ਆ ਸਕੇ।

98 ਯਿਸੂ ਨੇ ਕਿਹਾ, "ਜੇਕਰ ਤੁਸੀਂ ਮੇਰੇ ਵਿੱਚ ਰਹੋ ਅਤੇ ਮੇਰਾ ਵਚਨ ਤੁਹਾਡੇ ਵਿੱਚ ਰਹੇ ਤਾਂ ਫਿਰ ਜੋ ਚਾਹੋ ਮੰਗੋ, ਉਹ ਤੁਹਾਡੇ ਨਾਲ ਕੀਤਾ ਜਾਵੇਗਾ"। ਲਾੜੀ ਦਾ ਮੁੜ੍ਹ ਓਸ ਵਚਨ ਨਾਲ ਏਕੀਕਰਨ ਕਰ ਰਿਹਾ ਹੈ ਜੋ ਪਰਮੇਸ਼ੁਰ ਹੈ। ਕਲੀਸਿਯਾ ਅਤੇ ਵਚਨ, ਕਲੀਸਿਯਾ ਅਤੇ ਸਿਧਾਂਤ ਨਹੀਂ, ਕਲੀਸਿਯਾ ਅਤੇ ਵਚਨ; ਲਾੜੀ ਅਤੇ ਵਚਨ ਇੱਕਮੁੱਠ ਹਨ। ਔਹ ਮੇਰੇ! ਕੀ ਇੱਕ...ਕੀ ਬਹਾਲ ਕੀਤਾ ਗਿਆ ਹੈ? ਮੂਲ ਪੰਤੇਕੁਸਤ ਪੇਵਾਂ ਦਾ ਵਿਸ਼ਵਾਸ, ਸਮਝੇ, ਜਿਹੜਾ ਲੂਥਰ ਦੇ ਸਮੂਹ ਦੁਆਰਾ ਖਿੰਡਾ ਦਿੱਤਾ ਗਿਆ ਸੀ। ਲੂਥਰ ਨੇ ਆਪ ਨਹੀਂ; ਲੂਥਰ ਨਹੀਂ, ਵੈਸਲੀ ਨਹੀਂ, ਉਹ ਮਹਾਨ ਸੰਸਥਾਪਕਾਂ ਦੁਆਰਾ ਨਹੀਂ। ਪਰ ਉਹਨਾਂ ਦੇ ਜਾਣ ਤੋਂ ਬਾਅਦ ਉਥੇ ਇੱਕ ਕਲੀਸਿਯਾ ਖੜੀ ਕੀਤੀ ਗਈ ਅਤੇ ਉਹ...ਤੱਦ ਉਹਨਾਂ ਨੇ ਓਸ ਨਾਲ ਕੀ ਕੀਤਾ, ਉਹਨਾਂ ਨੇ ਉਹਦੇ ਵਿਚੋਂ ਇਕ ਜਥੇਬੰਦੀ ਬਣਾ ਲਈ। ਉਹਨਾਂ ਨੇ ਸਿਧਾਂਤਾਂ ਨੂੰ ਕਬੂਲ ਕਰ ਲਿਆ ਅਤੇ ਉਹ ਦੂਰ ਚਲੇ ਗਏ। ਅਤੇ ਅੱਜ ਉਹਨਾਂ ਦੇ ਵਲ੍ਹ ਵੇਖੋ, ਹੁਣ ਉਹ ਗਿਰਜਿਆਂ ਦੇ ਵਿਸ਼ਵ ਸਭਾ ਵਿੱਚ ਆ ਗਏ ਹਨ।

99 ਹੁਣ, ਤੁਸੀਂ ਵੇਖਦੇ ਹੋ, ਪਰ ਇਹਨਾਂ ਅੰਤ ਦੇ ਦਿਨਾਂ ਵਿੱਚ ਤੁਸੀਂ ਵੇਖਦੇ ਹੋ ਕਿ ਉਹ ਚੀਜਾਂ ਹੋ ਰਹੀਆਂ ਹਨ ਜੋ ਪਹਿਲਾਂ ਕਦੇ ਵੀ ਨਹੀਂ ਹੋਈਆਂ। ਸਮਝੇ, ਇਹ ਪਰਮੇਸ਼ੁਰ ਦਾ ਨਿਸ਼ਾਨ ਹੈ ਅਤੇ ਇਹ ਸਭ ਏਕੀਕਰਨ ਸਮੇਂ ਦਾ ਨਿਸ਼ਾਨ ਹੈ। ਹੁਣ, ਅਸੀਂ ਓਸ ਵਲ੍ਹ ਧਿਆਨ ਨਾਲ ਵੇਖਣਾ ਚਾਹੁੰਦੇ ਹਾਂ ਅਤੇ ਇਹ ਪੱਕਾ ਕਰਨਾ ਚਾਹੁੰਦੇ ਹਾਂ ਕਿ ਅਸੀਂ ਇਹਨੂੰ ਸਮਝ ਲਈਏ। ਛੱਡ ਰਹੇ ਹਨ...ਉਹ ਫਿਰਕਾਪ੍ਰ੍ਸ਼ਤ ਕਲੀਸਿਯਾਵਾਂ ਦੇ ਲਈ ਸੱਚੇ ਵਚਨ ਨੂੰ ਛੱਡ ਰਹੇ ਹਨ ਤਾਂ ਕਿ ਪਰਮੇਸ਼ੁਰ ਦੇ ਵਚਨ ਦੀ ਬਜਾਏ ਵੱਖ ਵੱਖ ਮੁਨੱਖਾਂ ਦੇ ਸਿਧਾਂਤ ਅਤੇ ਵਿਚਾਰਧਾਰਾ ਨੂੰ ਸਵੀਕਾਰ ਕਰ ਸਕਣ।

100 ਪ੍ਰਕਾਸ਼ ਦੀ ਪੋਥੀ 10 ਕਹਿੰਦੀ ਹੈ, "ਸੱਤਵੇਂ ਦੂਤ ਦਾ ਸੰਦੇਸ਼"। ਹੁਣ, ਯਾਦ ਰੱਖਣਾ, ਇਹ ਠੀਕ ਸੱਤ ਤੁਰ੍ਹੀਆਂ ਦੇ ਨਾਲ ਹੈ ਅਤੇ ਉਥੇ ਹੀ ਸੱਤ ਦੂਤ ਸੱਤ ਤੁਰ੍ਹੀਆਂ ਵਜਾਉਂਦੇ ਹਨ।

ਅਸੀਂ ਹੁਣ ਇਹਦੇ ਉੱਤੇ ਹੀ ਆ ਰਹੇ ਹਾਂ । ਪਰ ਯਾਦ ਰੱਖੋ ਜਿਥੇ, ਖਾਸ ਤੋਰ ਤੇ ਕਿਹਾ ਹੈ, "ਦੂਤ..." ਸੱਤਵੇਂ ਦੂਤ ਦੀ ਤੁਰ੍ਹੀ ਨਹੀਂ ਪਰ "ਸੱਤਵੇਂ ਦੂਤ ਦਾ ਸੰਦੇਸ਼" । ਸਮਝੇ, ਤੁਰ੍ਹੀ ਵਾਲਾ ਦੂਤ ਨਹੀਂ, ਸੰਦੇਸ਼ ਵਾਲਾ ਦੂਤ! ਸਮਝੇ, ਉਸ ਸੱਤਵੇਂ ਦੂਤ ਨੇ ਸਿਰਫ ਤੁਰ੍ਹੀ ਵਜਾਈ, ਤੁਰ੍ਹੀ ਵਾਲਾ ਦੂਤ । ਪਰ ਇਹ ਕਹਿੰਦਾ ਹੈ, "ਸੱਤਵੇਂ ਦੂਤ ਦੇ ਸੰਦੇਸ਼ ਦੇ ਦਿਨੀਂ," ਸਮਝੇ, ਜਦੋਂ ਉਹਦਾ ਸੰਦੇਸ਼ ਸਮਾਪਤ ਹੁੰਦਾ ਹੈ । ਸਮਝੇ, ਇਹ ਤਾਂ ਕਲੀਸਿਯਾ ਦੇ ਯੁੱਗ ਦਾ ਸੰਦੇਸ਼ ਹੈ । ਇਸ ਸਮੇਂ ਵਿੱਚ, ਫਿਰ ਉਹ...ਸੰਦੇਸ਼, ਤੁਰ੍ਹੀ ਨਹੀਂ, ਅਤੇ "ਪਰਮੇਸ਼ੁਰ ਦਾ ਭੇਤ (ਜਿਹੜਾ ਵਚਨ ਵਿੱਚ ਲਿਖਿਆ ਹੋਇਆ ਹੈ) ਸੰਪੂਰਨ ਹੋਵੇਗਾ" ।

101 ਹੁਣ ਵੇਖੋ ਇਹ ਕਿਹੋ ਜਿਹਾ ਦਿਨ ਹੈ ਜਿਸ ਵਿੱਚ ਅਸੀਂ ਰਹਿ ਰਹੇ ਹਾਂ! ਉਹਨਾਂ ਮੋਹਰਾਂ ਦੇ ਉੱਤੇ ਨਿਗਾਹ ਕਰੋ, ਕਿਵੇਂ ਉਹਨਾਂ ਨੇ ਪਰਮੇਸ਼ੁਰ ਦੇ ਖਿੰਡੇ ਹੋਏ ਵਚਨ ਨੂੰ ਖਿੱਚਿਆ, ਜਿਸ ਨੂੰ ਲੂਥਰ ਅਤੇ ਬਾਕੀ ਸਾਰੇ, ਉਹ ਮਹਾਨ ਸੁਧਾਰਕ ਛੱਡ ਕੇ ਅੱਗੇ ਨਿਕਲ ਗਏ ਸਨ; ਠੀਕ ਵਾਪਸ ਆਇਆ ਅਤੇ ਇਸ ਨੂੰ ਬਾਈਬਲ ਵਿੱਚ ਵਿਖਾਇਆ ਕਿ ਉਹ ਕਿੱਥੇ ਹੋਣਗੇ; ਹਰੇਕ ਮਨੁੱਖ ਨੂੰ ਉਹਦੀ ਥਾਂ ਵਿਖਾਈ, ਉਹ ਕੀ ਕਰੇਗਾ ਅਤੇ ਕਲੀਸਿਯਾ ਨਾਲ ਕੀ ਹੋਵੇਗਾ; ਉਹ ਕੀ ਕਰੇਗਾ ਅਤੇ ਕਲੀਸਿਯਾ ਨਾਲ ਕੀ ਹੋਵੇਗਾ; ਉਸਨੇ ਇਹ ਸਭ ਗਲਾਂ ਛੱਡ ਦਿੱਤੀਆਂ ਸਨ । ਅਰੇ ਫਿਰ, ਅੰਤ ਦੇ ਦਿੰਨ ਅਸੀਂ ਇਹਦੇ ਬਾਰੇ ਕੁਝ ਨਹੀਂ ਜਾਣਦੇ ਸੀ ਤਾਂ ਸਾਨੂੰ ਕੁਝ ਖਾਸ ਚੀਜ ਹੋਣ ਬਾਰੇ ਪਹਿਲਾਂ ਤੋ ਦੱਸਿਆ ਗਿਆ ਅਤੇ ਏਥੋਂ ਤੱਕ ਕਿ ਅਖਬਾਰਾਂ ਅਤੇ ਹੋਰ ਚੀਜਾਂ ਨੇ ਇਸ ਨੂੰ ਫੜ ਲਿਆ ਅਤੇ ਇਹਦਾ ਖੁਲਾਸਾ ਕੀਤਾ ਅਤੇ ਭੇਤਾਂ ਨੂੰ ਇੱਕਸਾਰਤਾ ਵਿੱਚ ਲਿਆਂਦਾ । ਆਮੀਨ! ਭਾਈ, ਇਹ ਮੇਰੇ ਲਈ ਬਹੁਤ ਹੀ ਸ਼ਾਨਦਾਰ ਹੈ! ਮੇਰੇ ਲਈ ਤਾਂ ਇਹ ਵਚਨ ਨਾਲ ਮੇਲ ਖਾਂਦਾ ਹੈ । ਆਮੀਨ! ਮੈਂ ਪ੍ਰਵਾਹ ਨਹੀਂ ਕਰਦ ਕਿ ਲੋਕ ਕੀ ਕਹਿੰਦੇ ਜਾਂ ਸੋਚਦੇ ਹਨ ਪਰ ਮੇਰੇ ਲਈ ਇਹ ਸੱਚਾਈ ਹੈ ।

102 ਜਿਵੇਂ ਉਹ ਗਿਆਨੀ ਮਨੁੱਖ ਜਿਹੜੇ ਬਾਬੁਲ ਤੋਂ ਆਏ ਸਨ, ਉਹ ਚਿਲਾਏ, "ਉਹ ਕਿਥੇ ਹੈ, ਯਹੂਦੀਆਂ ਦਾ ਰਾਜਾ ਜਿਹਨੇ ਜਨਮ ਲਿਆ ਹੈ? ਉਹ ਹੁਣ ਧਰਤੀ ਉੱਤੇ ਹੈ । ਅਸੀਂ ਉਸ ਨੂੰ ਲੱਭਣਾ ਹੀ ਹੈ" । ਇਹ ਠੀਕ ਹੈ । ਅਤੇ ਮੈਂ ਵਿਸ਼ਵਾਸ ਕਰਦਾ ਕਿ ਉਹ ਆਪਣੀ ਆਮਦ ਦੇ ਏਨਾ ਨੇੜੇ ਹੈ ਕਿ ਮੈਂ ਕਹਿ ਸਕਦਾ ਹਾਂ, "ਵੇਖੋ, ਲਾੜਾ ਆਉਂਦਾ ਹੈ! ਮੈਂ ਅੱਧੀ ਰਾਤ ਦੀ ਧੂੱਮ ਨੂੰ ਸੁਣਦਾ ਹਾਂ!" ਆਮੀਨ! ਅਸੀਂ ਠੀਕ ਅੰਤ ਸਮੇਂ ਤੇ ਹਾਂ । ਔਹ, ਮੇਰੇ, ਉਹ ਘੜੀ ਜਿਸ ਵਿੱਚ ਅਸੀਂ ਰਹਿ ਰਹੇ ਹਾਂ । ਧਿਆਨ ਦਿਓ । ਸਮਝੇ?

103 ਕਿਸ ਤਰ੍ਹਾਂ ਦਾ ਦਿਨ ਹੈ! ਕਿਸ ਤਰ੍ਹਾਂ ਦਾ ਸਮਾਂ ਹੈ ਜਿਸ ਵਿੱਚ ਅਸੀਂ ਰਹਿ ਰਹੇ ਹਾਂ, ਪਰਮੇਸ਼ੁਰ ਦਾ ਇਹ ਮਹਾਨ ਭੇਤ ਪੂਰਾ ਹੋ ਚੁਕਾ ਹੈ, ਪਰਮੇਸ਼ੁਰਤਾਈ ਨੂੰ ਅੰਦਰ ਲੈ ਕੇ ਆ ਰਿਹਾ ਹੈ, ਵਿਖਾ ਰਿਹਾ ਹੈ ਕਿ ਇਹ ਕੀ ਹੈ; ਕਿਵੇਂ ਇਹ ਛੋਟੇ ਛੋਟੇ ਪੰਥ ਨਿਕਲੇ ਅਤੇ ਉਸਨੂੰ *ਇਹ* ਬਣਾ ਦਿੱਤਾ, ਅਤੇ ਕਿਸੇ ਨੇ ਉਹਨੂੰ *ਇਹ* ਬਣਾ ਦਿੱਤਾ ਅਤੇ ਕਿਸੇ ਨੇ ਓਸ ਨੂੰ *ਉਹ* ਬਣਾ ਦਿੱਤਾ । ਪਰ ਪ੍ਰਭੂ ਦਾ ਦੂਤ ਹੇਠਾਂ ਆਇਆ ਅਤੇ ਉਹਨਾਂ ਦੇ ਸਾਰੇ ਪੰਥਾਂ ਨੂੰ ਲਿਆ ਅਤੇ ਓਸ ਵਿਚੋਂ ਸਾਰੀ ਸੱਚਾਈ ਬਾਹਰ ਖਿੱਚ ਲਈ ਅਤੇ ਉਸ ਨੂੰ ਪੇਸ਼ ਕੀਤਾ । ਅਤੇ ਉਥੇ ਇਹ ਇੰਨਾ ਸਿੱਧ ਹੈ ਜਿਨਾ ਕਿ ਇਹ ਹੋ ਸਕਦਾ ਹੈ; ਤੁਸੀਂ ਅਜਿਹਾ ਕਿਸੇ ਹੋਰ ਤਰੀਕੇ ਨਾਲ ਨਹੀਂ ਕਰ ਸਕਦੇ ਸੀ । ਇੰਝ ਇਹ ਹੈ, ਇਹ ਹੀ ਹੈ ਜੋ ਉਹ ਹੈ । ਸਮਝੇ, ਸੱਪ ਦਾ ਵੰਸ਼, ਇਹ ਸਭ ਵੱਖ ਵੱਖ ਗਲਾਂ ਹਨ ਜੋ ਲੋਕਾਂ ਦੇ ਵਿੱਚ ਭੇਤ ਬਣੀਆਂ ਰਹੀਆਂ ਸਨ । ਸਮਝੇ? ਇਹ ਕੀ ਹੈ? ਉਹਨਾਂ ਕੋਲ ਸੀ...ਇਹ ਨਿਸ਼ਾਨ ਕਿਸ ਦੇ ਲਈ ਹੈ? ਇੱਕ ਹੋ ਜਾਓ!

104 ਓਸ ਨੇ ਮਲਾਕੀ 4 ਵਿੱਚ ਕੀ ਕਿਹਾ ਸੀ? ਬਹਾਲ ਕਰੇਗਾ! ਲੋਕਾਂ ਦੇ ਲਈ ਪੰਤੇਕੁਸਤ ਦਾ ਮੂਲ ਵਿਸ਼ਵਾਸ ਉਸੇ ਪੰਤੇਕੁਸਤ ਦੇ ਸੰਦੇਸ਼ ਦੇ ਨਾਲ ਬਹਾਲ ਕਰੇਗਾ, ਉਹੀ ਪੰਤੇਕੁਸਤ ਦਾ ਨਿਸ਼ਾਨ, ਉਸੇ ਪੰਤੇਕੁਸਤ ਦਾ ਸਬੂਤ, ਉਹੀ ਪਰਮੇਸ਼ੁਰ, ਉਹੀ ਸ਼ਕਤੀ, ਉਹੀ ਸਿੱਖਿਆ, ਸਭ ਕੁਝ ਉਸੇ ਤਰ੍ਹਾਂ, ਉਸੇ ਅੱਗ ਦੇ ਥਮ੍ਹ ਦੁਆਰਾ ਪਰਮਾਣਿਤ ਕੀਤਾ ਗਿਆ ਜਿਹੜਾ ਦੰਮਿਸਕ ਦੇ ਰਾਹ ਵਿੱਚ ਸੌਲੁਸ ਉੱਤੇ ਪਿਆ ਸੀ, ਉਹੀ ਅੱਗ ਦਾ ਥਮ੍ਹ ਅੱਜ ਸਾਡੇ ਵਿਚਕਾਰ ਹੈ, ਉਹੀ ਕੰਮ ਕਰ ਰਿਹਾ ਹੈ ਜਿਹੜੇ ਉਸਨੇ ਓਸ ਦਿਨ ਕੀਤੇ ਸਨ । ਏਕੀਕਰਨ ਕਰ ਰਿਹਾ ਹੈ ।

105 ਅਸੀਂ ਵੇਖ ਰਹੇ ਹਾਂ ਕਿ ਰਾਸ਼ਟਰ ਏਕਾ ਕਰ ਰਹੇ ਹਨ, ਅਸੀਂ ਵੇਖ ਰਹੇ ਹਾਂ ਕਿ ਜਗਤ ਏਕਾ ਕਰ ਰਿਹਾ ਹੈ, ਅਸੀਂ ਵੇਖ ਰਹੇ ਹਾਂ ਕਿ ਕਲੀਸਿਯਾਵਾਂ ਏਕਾ ਕਰ ਰਹੀਆਂ ਹਨ । ਅਸੀਂ ਵੇਖ ਰਹੇ ਹਾਂ ਲਾੜੀ ਏਕਾ ਕਰ ਰਹੀ ਹੈ, ਵਚਨ ਦੇ ਨਾਲ ਏਕਾ ਕਰ ਰਹੀ ਹੈ । ਕਿਓਂ? ਪਰਮੇਸ਼ੁਰ ਦਾ ਵਚਨ । ਅਤੇ ਜਿਵੇਂ ਵਚਨ...ਜਿਵੇਂ ਲਾੜਾ (ਵਚਨ ਹੋਣ ਦੇ ਕਾਰਨ) ਅਤੇ ਲਾੜੀ (ਵਚਨ ਨੂੰ ਸੁਣਨ ਵਾਲੀ ਹੋਣ ਦੇ ਕਰਨ), ਉਹ ਆਪਸ ਵਿੱਚ ਇੱਕ ਏਕਤਾ ਵਿੱਚ ਆਉਂਦੇ ਹਨ । ਉਹ ਇੱਕ ਵਿਆਹ ਦੇ ਵਾਂਗ ਏਕਾ ਕਰਦੇ ਹਨ । ਸਮਝੇ, ਉਹ ਵਿਆਹ ਦੇ ਲਈ ਤਿਆਰ ਹੋ ਰਹੇ ਹਨ, ਅਤੇ ਉਹ–ਉਹ ਇੱਕ ਬਣ ਜਾਂਦੇ ਹਨ । ਵਚਨ ਤੁਸੀਂ ਬਣ ਜਾਂਦਾ ਹੈ ਅਤੇ ਤੁਸੀਂ ਵਚਨ ਬਣ ਜਾਂਦੇ ਹੋ । ਯਿਸੂ ਨੇ ਕਿਹਾ, “ਉਸ ਦਿਨ ਤੁਸੀਂ ਇਹ ਜਾਣੋਗੇ । ਜੋ ਕੁਝ ਪਿਤਾ ਹੈ, ਉਹ ਸਭ ਕੁਝ ਮੈਂ ਹਾਂ ਅਤੇ ਜੋ ਕੁਝ ਮੈਂ ਹਾਂ ਸੋ ਤੁਸੀਂ ਹੋ; ਅਤੇ ਜੋ ਤੁਸੀਂ ਹੋ, ਉਹ ਮੈਂ ਹਾਂ । ਓਸ ਦਿਨ ਤੁਸੀਂ ਜਾਣੋਗੇ ਕਿ ਮੈਂ ਪਿਤਾ ਵਿੱਚ ਹਾਂ, ਪਿਤਾ ਮੇਰੇ ਵਿੱਚ ਹੈ, ਮੈਂ ਤੁਹਾਡੇ ਵਿੱਚ ਹਾਂ ਅਤੇ ਤੁਸੀਂ ਮੇਰੇ ਵਿੱਚ ਹੋ” । ਸਮਝੇ? “ਉਸ ਦਿਨ” ਕਿਸ ਦਿਨ? ਇਸ ਦਿਨ! ਅਸੀਂ ਪਰਮੇਸ਼ੁਰ ਦੇ ਮਹਾਨ ਗੁਪਤ ਭੇਤਾਂ ਨੂੰ ਖੁਲਦੇ ਹੋਏ ਵੇਖ ਰਹੇ ਹਾਂ । ਔਹ, ਮੈਨੂੰ ਇਹ ਕਿੰਨਾ ਚੰਗਾ ਲਗਦਾ ਹੈ!

106 ਔਹ, ਵੇਖੋ ਵਿਗਿਆਨ ਅਤੇ ਵਚਨ ਦੀ ਤੁਲਨਾ ਨਹੀਂ ਕੀਤੀ ਜਾ ਸਕਦੀ ਜਿਵੇਂ ਉਹ ਅੱਜ ਕਰਦੇ ਹਨ । ਉਹ ਪਹਿਲਾਂ ਇੰਝ ਨਹੀਂ ਕਰ ਸਕਦੇ ਸੀ । ਇਹ ਤਾਂ ਬੱਸ ਹੁਣੇ ਹੋਇਆ ਹੈ ਕਿ ਉਹ ਇੰਝ ਕਰ ਸਕਦੇ ਹਨ ।

107 ਧਿਆਨ ਦਿਓ, ਉਸਨੇ ਕਿਹਾ, “ਅਕਾਸ਼ੀ ਨਿਸ਼ਾਨ, ਅਕਾਸ਼ੀ ਨਿਸ਼ਾਨ” । ਵਿਗਿਆਨ ਅਤੇ ਰਾਸ਼ਟਰੀ ਨਿਸ਼ਾਨ; ਹੁਣ ਉਹਨਾਂ ਕੋਲ ਅੱਜ ਅਕਾਸ਼ ਵਿੱਚ ਵੱਡੇ ਵੱਡੇ ਨਿਸ਼ਾਨ ਹਨ, ਉਹਨਾਂ ਦੇ ਕੋਲ ਪੁਲਾੜ ਯਾਤਰੀ ਅਤੇ ਸਭ ਚੀਜਾਂ ਹਨ । ਪਰ ਇਹ ਪੁਲਾੜ ਯਾਤਰੀ ਵਿਗਿਆਨ ਜਗਤ ਦੇ ਲਈ ਕੀ ਕਰਦੇ ਹਨ? ਇਹ ਉਨ੍ਹਾਂ ਦੇ ਲਈ ਡਰ ਲੈ ਕੇ ਆਉਂਦਾ ਹੈ । ਉਹ ਨਹੀਂ ਜਾਣਦੇ ਹਨ ਕਿਸ ਵੇਲੇ ਉਹ ਉਸ ਤਰਾਂ ਦੀ ਕੋਈ ਚੀਜ ਉਪਰ ਭੇਜ ਸਕਦੇ ਹਨ; ਅਤੇ ਬੱਸ ਇਨ੍ਹਾਂ ਬੰਬਾਂ ਨੂੰ ਹੇਠਾਂ ਸੁੱਟ ਸਕਦੇ ਹਨ ਅਤੇ ਅਸੀਂ ਫਿਰ ਅਸੀਂ ਜਿਉਂਦੇ ਨਹੀਂ ਰਹਾਂਗੇ । ਸਮਝੇ? ਹੁਣ ਇਹ ਨਿਸ਼ਾਨ ਹਨ ਜੋ ਉਹਨਾਂ ਦੇ ਕੋਲ ਹਨ, ਅਕਾਸ਼ ਵਿੱਚ ਭਿਆਨਕ ਦ੍ਰਿਸ਼ ਹਨ । ਸਮਝੇ? ਉਹਨਾਂ ਦੇ ਕੋਲ ਪਰਮਾਣੂ ਮਿਜ਼ਾਈਲਾਂ ਅਤੇ ਸੱਭ ਕੁਝ ਹੈ, ਸਭ ਕਿਸਮ ਦੇ ਨਿਸ਼ਾਨ ਹਨ ।

108 ਤੁਸੀਂ ਜਾਣਦੇ ਹੋ ਕਿਸੇ ਹੋਰ ਦਿਨ ਉਹਨਾਂ ਨੇ ਇੱਕ ਸਮਝੋਤੇ ਉੱਤੇ ਦਸਤਖਤ ਕੀਤੇ ਕੀਤੇ ਸਨ ਕਿ ਉਹ ਹੁਣ ਬੰਬਾਂ ਦਾ ਬਾਹਰ ਵਿਸਫੋਟ ਨਹੀਂ ਕਰਣਗੇ ਪਰ ਹੁਣ ਉਹ ਪਾਣੀ ਅਤੇ ਜਮੀਨ ਦੇ ਹੇਠਾਂ ਜਾ ਰਹੇ ਹਨ, ਉਹ ਪਹਿਲਾਂ ਵਾਂਗ ਹੀ ਉਹਨਾਂ ਦੀ ਪਰੀਖਿਆ ਕਰ ਰਹੇ ਹਨ । ਸਮਝੇ? ਉਹ ਇੱਕ ਸਮਝੋਤੇ ਤੇ ਦਸਤਖਤ ਕਰਦੇ ਹਨ, “ਅਸੀਂ ਇਹ ਨਹੀਂ ਕਰਦੇ, ਜੇਕਰ ਤੁਸੀਂ ਕਹਿੰਦੇ ਹੋ ਕਿ ਅਸੀਂ ਇਹ ਨਹੀਂ ਕਰਦੇ (ਪਰ ਅਸੀਂ ਘਰ ਵਾਪਸ ਜਾ ਕੇ ਉਸ ਨੂੰ ਇਸੇ ਤਰਾਂ ਕਰਾਂਗੇ;

ਜਦ ਕਿ ਅਸੀਂ ਜਾਣਦੇ ਹਾਂ ਕਿ ਤੁਸੀਂ ਉਥੇ ਓਸੇ ਤਰਾਂ ਕਰ ਰਹੇ ਹੋ)" ਸਮਝੇ? ਉਥੇ ਇੱਕ ਵੀ ਚੀਜ ਨਹੀਂ, ਇਹ ਬੱਸ…ਉਹਨਾਂ ਦੇ ਵਿਚਕਾਰ ਕੋਈ ਵਿਸ਼ਵਾਸ ਨਹੀਂ ਹੈ, ਉਥੇ ਕੁਝ ਨਹੀਂ–ਉਥੇ ਕੁਝ ਵੀ ਨਹੀਂ ਹੈ। ਤੁਸੀਂ…ਸਮਝੇ? ਅਤੇ ਹਰੇਕ ਦੂਸਰੇ ਤੋਂ ਡਰਿਆ ਹੋਇਆ ਹੈ। ਇਹ ਇੱਕ ਭਿਆਨਕ ਨਿਸ਼ਾਨ ਹੈ।

109 ਵਿਗਿਆਨ, ਮਨੁੱਖ ਅਤੇ ਰਾਸ਼ਟਰਾਂ ਨੇ ਅਕਾਸ਼ ਵਿੱਚ ਇੱਕ ਭਿਆਨਕ ਨਿਸ਼ਾਨ ਪੈਦਾ ਕੀਤਾ ਹੈ। ਇਹ ਬਿਲਕੁਲ ਠੀਕ ਹੈ। ਹੁਣ, ਇੱਕ ਦੂਸਰੇ ਤੋਂ ਡਰ ਰਹੇ ਹਨ। ਅਤੇ ਇਥੇ…ਨੂੰ ਅਕਾਸ਼ੀ ਨਿਸ਼ਾਨ ਦਿੱਤੇ ਗਏ ਹਨ। ਹੁਣ ਵੇਖੋ, ਉਹਨਾਂ ਨੂੰ ਅਕਾਸ਼ ਵਿੱਚ ਵੀ ਇੱਕ ਨਿਸ਼ਾਨ ਮਿਲਿਆ ਹੈ, ਇੱਕ ਭਿਆਨਕ ਨਿਸ਼ਾਨ, ਇੱਕ ਮਨੁੱਖ ਆਕਾਸ਼ਯਾਨ ਵਿੱਚ ਹੈ; ਉਸ ਕੋਲ ਇੱਕ ਪਰਮਾਣੂ ਮਿਜਾਇਲ ਹੋ ਸਕਦੀ ਹੈ ਅਤੇ ਉਹ ਓਸ ਨੂੰ ਹੇਠਾਂ ਡੇਗ ਕੇ ਪੂਰੇ ਦੇਸ਼ ਨੂੰ ਨਾਸ਼ ਕਰ ਸਕਦਾ ਹੈ। ਇੱਕ ਆਕਾਸ਼ਯਾਨ ਵਿੱਚ ਉੱਪਰ ਚਲੇ ਜਾਣ ਅਤੇ ਉੱਥੇ ਡੱਟ ਜਾਣ। ਕੋਈ ਵੀ ਚੀਜ ਨਹੀਂ ਜੋ ਉਹਨਾਂ ਨੂੰ ਇਹ ਕਰਨ ਤੋਂ ਡੱਕ ਸਕੇ। ਉਹ ਯਕੀਨਨ ਇਸ ਨੂੰ ਕਰ ਸਕਦੇ ਹਨ, ਉਹ,…ਜਿਸ ਵੀ ਵੇਲੇ ਉਹ ਕਰਨਾ ਚਾਹੁਣ ਉਹ ਕਰ ਸਕਦੇ ਹਨ। ਜੇਕਰ ਉਹ ਚਾਹੁਣ ਤਾਂ ਇਸ ਨੂੰ ਮਿੱਟੀ ਵਿੱਚ ਮਿਲਾ ਸਕਦੇ ਹਨ, ਪਰ…ਹੁਣ ਤੋਂ ਪੰਦਰਾਂ ਮਿੰਟਾਂ ਦੇ ਵਿੱਚ। ਅਤੇ ਜਿਸ ਤਰਾਂ ਇੱਕ ਕਰ ਸਕਦਾ ਹੈ ਉਸੇ ਤਰ੍ਹਾਂ ਦੂਜਾ ਵੀ ਕਰ ਸਕਦਾ ਹੈ। ਇਸ ਲਈ, ਤੁਸੀਂ ਵੇਖਦੇ ਹੋ ਕਿ ਉਹਨਾਂ ਦੇ ਕੋਲ ਇੱਕ ਨਿਸ਼ਾਨ ਹੈ, ਪਰ ਇਸ ਤਰ੍ਹਾਂ ਦਾ ਨਿਸ਼ਾਨ ਉਨ੍ਹਾਂ ਨੂੰ ਡਰਾ ਦਿੰਦਾ ਹੈ।

110 ਉਹ ਆਪਸ ਵਿੱਚ ਏਕਾ ਕਰ ਰਹੇ ਹਨ, ਆਪਣੀਆਂ ਸ਼ਕਤੀਆਂ ਨੂੰ ਮਿਲਾ ਰਹੇ ਹਨ। ਆਜ਼ਾਦ ਜਗਤ, ਉਹ ਆਪਣੀਆਂ ਸ਼ਕਤੀਆਂ ਨੂੰ ਆਪਸ ਵਿੱਚ ਮਿਲਾ ਰਿਹਾ ਹੈ। ਸਾਮਵਾਦ ਆਪਣੀ ਸ਼ਕਤੀ ਨੂੰ ਰੂਸ ਨਾਲ ਮਿਲਾ ਰਿਹਾ ਹੈ। ਹਰੇਕ; ਪਰ ਹਰੇਕ ਦੂਸਰੇ ਤੋਂ ਡਰਿਆ ਹੋਇਆ ਹੈ। ਸਮਝੇ, ਇਹ ਇੱਕ ਭਿਆਨਕ ਨਿਸ਼ਾਨ ਹੈ। ਇਹ ਠੀਕ ਹੈ। ਇਹ ਰਾਸ਼ਟਰੀ ਨਿਸ਼ਾਨ ਹੈ।

111 ਪਰ ਕਲੀਸਿਯਾ ਨੂੰ ਇੱਕ ਅਕਾਸ਼ੀ ਨਿਸ਼ਾਨ ਮਿਲਿਆ ਹੈ: ਇੱਕ ਪੁਲਾੜ ਯਾਤਰੀ! ਆਮੀਨ! ਯਿਸੂ ਮਸੀਹ, ਅੱਗ ਦੇ ਥਮ੍ਹ ਦੇ ਰੂਪ ਵਿੱਚ ਹੈ, ਉਹੀ ਜੋ ਪੁਰਾਣੇ ਨੇਮ ਵਿੱਚ ਸੀ, ਉਹੀ ਜੋ ਦੰਮਿਸਕ ਦੇ ਰਾਹ ਵਿਚ ਸੌਲੁਸ ਨੂੰ ਮਿਲਿਆ ਸੀ, ਉਹੀ ਯਿਸੂ ਮਸੀਹ ਅੱਜ ਇਥੇ ਹੈ! ਅਤੇ ਉਹ ਕੀ ਕਰਦਾ ਹੈ? ਕੀ ਉਹ ਡਰ ਨੂੰ ਲੈ ਕੇ ਆਉਂਦਾ ਹੈ? ਇਹ ਉਸ ਪ੍ਰੇਮ ਨੂੰ ਲੈ ਕੇ ਆਉਂਦਾ ਹੈ ਜੋ ਇੱਕ ਦੂਸਰੇ ਨੂੰ ਮਿਲਾਉਂਦਾ ਹੈ। ਆਮੀਨ! ਇੱਕ ਦੂਸਰੇ ਲਈ ਇੱਕ ਭਾਵਨਾ ਨੂੰ ਲੈ ਕੇ ਆਉਂਦਾ ਹੈ। ਇਹ ਪਰਮੇਸ਼ੁਰ ਦੇ ਪ੍ਰੇਮ ਨੂੰ ਲੈ ਕੇ ਆਉਂਦਾ ਹੈ, ਓਹ, ਸਾਨੂੰ ਜੋੜਦਾ ਹੈ ਅਤੇ ਸਾਨੂੰ ਮਸੀਹ ਦੀ ਦੇਹ ਹੋਣ ਕਰਕੇ ਲਾੜੀ ਦੇ ਰੂਪ ਵਿੱਚ ਏਕਤਾ ਵਿੱਚ ਲੈ ਕੇ ਆਉਂਦਾ ਹੈ। ਇਹੀ ਹੈ ਜੋ ਉਹ ਹੁਣ ਕਰ ਰਿਹਾ ਹੈ, ਇਹ ਮਹਾਨ ਏਕਤਾ ਜੋ ਪਰਮੇਸ਼ੁਰ…

112 ਉਹ ਆਪਣਾ ਏਕੀਕਰਨ ਕਰ ਰਹੇ ਹਨ, ਇੱਕ ਧੜਾ *ਇਥੇ* ਦੂਸਰੇ ਨਾਲ ਲੜਨ ਲਈ ਏਕਾ ਕਰ ਰਿਹਾ ਹੈ, ਇੱਕ ਧੜਾ *ਇਥੇ* ਕਿਸੇ ਹੋਰ ਧੜੇ ਨਾਲ ਲੜਨ ਲਈ ਏਕਾ ਕਰ ਰਿਹਾ ਹੈ। ਇਥੇ ਕਲੀਸਿਯਾ ਉਹਨਾਂ ਦੇ ਵਿਚਕਾਰ ਖੜੀ ਹੈ; ਤੁਸੀਂ ਵੇਖਦੇ ਹੋ ਕੀ ਹੁੰਦਾ ਹੈ, ਇਹ ਉਹਨਾਂ ਨਾਲ ਏਕੀਕਰਨ ਕਰੇਗੀ। ਇਹ ਬਿਲਕੁਲ ਠੀਕ ਹੈ। ਪਰ, ਹੁਣ, ਸਾਨੂੰ ਪਤਾ ਲਗਦਾ ਹੈ ਕਿ ਇਹ ਡਰ ਅਤੇ ਘਬਰਾਹਟ ਨੂੰ ਲੈ ਕੇ ਆਉਂਦੀ ਹੈ।

113 ਪਰ ਕਲੀਸਿਯਾ ਜੋ ਲਾੜੀ ਹੈ, ਉਹ ਇੱਕੋ ਹੀ ਪਰਮੇਸ਼ੁਰ ਦੁਆਰਾ ਇੱਕ ਕੀਤੀ ਗਈ ਹੈ, ਇੱਕ ਹੀ ਆਤਮਾ ਵਿੱਚ ਜਿਹੜੀ ਪਰਮੇਸ਼ੁਰ ਦੀ ਆਤਮਾ ਹੈ, ਪਰਮੇਸ਼ੁਰ ਦੀ ਇੱਕੋ ਪਵਿੱਤਰ

ਏਕਤਾ ਵਿੱਚ ਹੈ ਤਾਂਕਿ ਪਰਮੇਸ਼ੁਰ ਦੇ ਲਈ ਇੱਕ ਪਵਿੱਤਰ ਲਾੜੀ ਬਣੇ । ਇਹ ਠੀਕ ਹੈ, ਸਭ ਇੱਕਠੇ; ਦੇਹ ਦੀ ਏਕਤਾ ਵਿੱਚ ਹਨ । ਦੇਹ ਇੱਕ ਲਾੜੀ ਦੇ ਵਾਂਗ ਉਡੀਕ ਰਹੀ ਹੈ; ਜਿਵੇਂ ਇਹ ਲਾੜੀ ਹੈ, ਜਿਵੇਂ ਅਸੀਂ ਆਪਣੇ ਆਪ ਨੂੰ ਲਾੜੀ ਆਖਦੇ ਹਾਂ । ਕਿਓਂਕਿ ਲਾੜੀ ਦੇ ਏਕੀਕਰਨ ਦਾ ਸਮਾਂ ਹੈ ਇਸ ਲਈ ਕਲੀਸਿਯਾ ਇੱਕਠੀ ਹੋ ਰਹੀ ਹੈ । ਇਸ ਨੂੰ ਸਾਡੇ ਵਿਚਕਾਰ ਇੰਨਾ ਪ੍ਰੇਮ ਪੈਦਾ ਕਰਨਾ ਚਾਹੀਦਾ ਹੈ ਕਿ ਅਸੀਂ ਮਸਾਂ ਹੀ ਇੱਕ ਦੂਜੇ ਕੋਲੋਂ ਦੂਰ ਜਾ ਸਕੀਏ । ਇਹ ਠੀਕ ਹੈ । ਅਸੀਂ ਬੱਸ...ਤੁਹਾਨੂੰ ਲੋਕਾਂ ਅੱਗੇ ਪ੍ਰਾਰਥਨਾ ਕਰਨ ਲਈ ਬੇਨਤੀ ਨਹੀਂ ਕਰਨੀ ਪਵੇਗੀ, ਤੁਹਾਨੂੰ ਉਹਨਾਂ ਨੂੰ ਪਰਮੇਸ਼ੁਰ ਦੀ ਅਰਾਧਨਾ ਕਰਨ ਲਈ ਬੇਨਤੀ ਨਹੀਂ ਕਰਨੀ ਪਵੇਗੀ, ਤੁਹਾਨੂੰ ਉਹਨਾਂ ਨੂੰ ਉਹ ਕਰਨ ਦੇ ਲਈ ਬੇਨਤੀ ਨਹੀਂ ਕਰਨੀ ਪਵੇਗੀ ਜੋ ਸਹੀ ਹੈ । ਉਹ ਤਾਂ ਬੱਸ ਓਸ ਨਾਲ ਇੰਨੇ ਪ੍ਰੇਮ ਵਿੱਚ ਹੁੰਦੇ ਹਨ, ਏਥੋਂ ਤੱਕ ਕੀ ਹੋਰ ਕੁਝ ਵੀ ਨਹੀਂ ਹੁੰਦਾ ਹੈ ।

114 ਤੁਸੀਂ ਇੱਕ ਛੋਟੀ ਕੁੜੀ, ਇੱਕ ਬਹੁਤ ਹੀ ਖੂਬਸੂਰਤ ਦਾਸੀ ਦੇ ਬਾਰੇ ਕੀ ਸੋਚਦੇ ਹੋ ਜਿਹੜੀ ਕਿਸੇ ਸੁੰਦਰ ਜਵਾਨ ਆਦਮੀ ਨਾਲ ਵਿਆਹ ਕਰਨ ਵਾਲੀ ਹੈ, ਜਿਸ ਨਾਲ ਉਹ ਪਾਗਲਾਂ ਵਾਂਗ ਪ੍ਰੇਮ ਕਰਦੀ ਹੈ, ਇਹ ਉਸ ਲਈ ਉਹਦੇ ਆਪਣੇ ਜੀਵਨ ਨਾਲੋਂ ਵੀ ਵੱਧ ਮਤਲਬ ਰੱਖਦਾ ਹੈ ਅਤੇ ਉਹ ਚੰਗੀ ਤਰਾਂ ਜਾਣਦੀ ਹੈ ਕਿ ਉਹ ਵਿਆਹ ਕਰਨ ਜਾ ਰਹੇ ਹਨ । ਜਿਵੇਂ ਉਹ ਵਿਆਹ ਦਾ ਦਿਨ ਆਉਂਦਾ ਹੈ, ਉਹ ਵਿਚਾਰੀ, ਮੈਂ ਤੁਹਾਨੂੰ ਦੱਸਦਾ ਹਾਂ, ਉਹ "ਇਧਰ-ਉਧਰ ਫਿਰਦੀ ਹੈ" । ਸਮਝੇ? ਉਹ ਬੱਸ ਹਰੇਕ ਚੀਜ ਨੂੰ ਤਿਆਰ ਕਰਦੀ ਹੈ; ਉਹ ਪੂਰੀ ਤਰਾਂ ਓਸ ਨੂੰ ਸਮਰਪਿਤ ਹੋ ਜਾਂਦੀ ਹੈ । ਇਹ ਠੀਕ ਹੈ । ਉਹ ਓਸ ਹਰੇਕ ਚੀਜ ਨੂੰ ਕਰਨਾ ਚਾਹੁੰਦੀ ਹੈ ਜੋ ਓਸ ਨੂੰ ਪ੍ਰਸੰਨ ਕਰਦੀ ਹੈ । ਖੈਰ, ਕਲੀਸਿਯਾ ਦਾ ਵੀ ਅੱਜ ਇਹੀ ਤਰੀਕਾ ਹੋਣਾ ਚਾਹੀਦਾ ਹੈ ਕਿ ਸਾਡੇ ਜੀਵਨ ਮਸੀਹ ਦੁਆਰਾ ਪਰਮੇਸ਼ੁਰ ਵਿੱਚ ਏਨੇ ਲੁਕੇ ਹੋਣੇ ਚਾਹੀਦੇ ਹਨ ਕਿ ਅਸੀਂ ਉਹਦੇ ਅੰਦਰ ਪਵਿੱਤਰ ਆਤਮਾ ਦੁਆਰਾ ਮੋਹਰਬੰਦ ਹੋਈਏ ।

115 ਇਥੇ ਮੈਂ ਜੋ ਚੀਜ ਤੁਹਾਨੂੰ ਸਿੱਖਾ ਰਿਹਾ ਸੀ ਉਹ ਇਹ ਹੈ ਕਿ ਤੁਹਾਨੂੰ ਇਹਨਾਂ ਨਿਸ਼ਾਨਾਂ ਅਤੇ ਵੱਖ ਵੱਖ ਚੀਜਾਂ ਬਾਰੇ ਜੋ ਹੋ ਰਹੀਆਂ ਹਨ ਦੱਸ ਰਿਹਾ ਸੀ, ਮੇਰੇ ਕੋਲ ਹੁਣ ਇਹ ਦੱਸਣ ਦਾ ਸਮਾਂ ਨਹੀਂ ਹੈ; ਜੇਕਰ ਪਰਮੇਸ਼ੁਰ ਨੇ ਚਾਹਿਆ ਤਾਂ ਕਿਸੇ ਹੋਰ ਸੰਦੇਸ਼ ਵਿੱਚ ਦੱਸਾਂਗਾ । ਪਰ ਇੱਕ ਚੀਜ ਹੈ ਜਿਹਦੀ ਅਜੇ ਵੀ ਕਲੀਸਿਯਾ ਵਿੱਚ ਘਾਟ ਹੈ । ਅਤੇ ਅਸੀਂ ਇਹ ਚਾਹੁੰਦੇ ਹਾਂ, ਉਸ ਨੂੰ ਪੂਰਾ ਕਰਨ ਲਈ ਅਤੇ ਮੈਂ ਹੁਣ ਠੀਕ ਓਸ ਦੇ ਸਿਰੇ ਤੇ ਹਾਂ । ਸਮਝੇ? ਅਸੀਂ ਉਸ ਤੇ ਆਉਣਾ ਚਾਹੁੰਦੇ ਹਾਂ, ਜੇਕਰ...ਤੁਹਾਨੂੰ ਇਸ ਨੂੰ ਕਰਨਾ ਹੀ ਹੈ । ਜੇ ਤੁਸੀਂ ਇਹ ਨਹੀਂ ਕਰਦੇ, ਇਹ ਸਭ ਹੈ ਜੋ ਤੁਹਾਨੂੰ ਕਰਨਾ ਹੀ ਹੈ । ਕਿਓਂਕਿ ਵੇਖੋ, ਏਕੀਕਰਨ ਦਾ ਸਮਾਂ ਨੇੜੇ ਹੈ ਕਿਓਂਕਿ ਪਰਮੇਸ਼ੁਰ ਕਲੀਸਿਯਾ ਨੂੰ ਇੱਕਠਾ ਕਰ ਰਿਹਾ ਹੈ ਤਾਂ ਕਿ ਉਹ ਰੈਪਚਰ ਅਰਥਾਤ ਉਠਾਏ ਜਾਣ ਵਿੱਚ ਮਹਾਨ ਏਕਤਾ ਦੇ ਲਈ ਵਿਆਹ ਲਈ ਚਲੀ ਜਾਵੇ; ਜਦੋਂ ਪਰਮੇਸ਼ੁਰ ਅਤੇ ਮਨੁੱਖ ਅਨੰਤਾ ਦੇ ਲਈ ਇੱਕ ਹੋਣਗੇ, ਜਦੋਂ ਸਮੇਂ ਦੀਆਂ ਰਚਨਾਂਵਾਂ ਅਨੰਤਾ ਨਾਲ ਏਕਾ ਕਰਨਗੀਆਂ ।

116 ਇਹ ਇੱਕ ਵਾਰ ਧਰਤੀ ਉੱਤੇ ਮਨੁੱਖ ਦੇ ਪੁੱਤਰ ਦੇ ਰੂਪ ਵਿੱਚ ਕੀਤਾ ਗਿਆ ਸੀ । ਅਤੇ ਉਸ ਨੂੰ ਸਮਰਥ ਲਿਆਉਣ ਲਈ ਆਪਣੀ ਜਾਣ ਦੇਣੀ ਪਈ ਤਾਂ ਕਿ ਯਿਸੂ ਮਸੀਹ ਦੀ ਲਾੜੀ ਦੇ ਲਈ ਇਸੇ ਸਮਰਥ ਨਾਲ ਹੋਰ ਮਨੁੱਖਾਂ ਨੂੰ ਜੋੜੇ । ਅਤੇ ਹੁਣ ਕਲੀਸਿਯਾ ਆਪਣੇ ਆਪ ਨੂੰ ਮਸੀਹ ਦੀ ਦੇਹ ਨਾਲ ਜੋੜ ਰਹੀ ਹੈ । ਇਸ ਨੇ ਆਪਣੇ ਆਪ ਨੂੰ ਆਜ਼ਾਦ ਕਰ ਲਿਆ ਹੈ ਹਰੇਕ ਛੋਟੀ ਬੇੜੀ ਨੂੰ ਕੱਟ ਕੇ ਅਲਗ ਕਰ ਦਿੱਤਾ ਹੈ, ਆਪਣੇ ਆਪ ਨੂੰ ਤਿਆਰ ਕਰ ਰਹੀ ਹੈ; ਆਪਸ ਵਿੱਚ ਇੱਕਠੇ ਹੋ ਰਹੇ ਹਨ, ਉਹਨਾਂ ਦੇ ਵਿੱਚ ਏਕਤਾ ਹੈ; ਔਹ, ਉਹਨਾਂ ਦੇ ਵਿੱਚ

ਇੱਕ ਪ੍ਰੇਮ ਅਤੇ ਅਨੰਦ ਹੈ ਅਤੇ ਪਵਿੱਤਰ ਆਤਮਾ ਉਹਨਾਂ ਦੇ ਵਿਚਕਾਰ ਮੰਡਰਾ ਰਿਹਾ ਹੈ। ਔਹ ਮੇਰੇ ਪਰਮੇਸ਼ੁਰ, ਕਿਹੋ ਜਿਹਾ ਸਮਾਂ ਹੈ!

117 ਜਿਵੇਂ ਅਸੀਂ ਬੱਤਖਾਂ ਨੂੰ ਤਿਆਰ ਹੁੰਦੇ ਹੋਏ ਵੇਖਦੇ ਹਾਂ, ਅਸੀਂ ਹੰਸਾਂ ਨੂੰ ਤਿਆਰ ਹੁੰਦੇ ਹੋਈਆਂ ਵੇਖਦੇ ਹਾਂ, ਅਸੀਂ ਪਸ਼ੂਆਂ ਨੂੰ...ਮਧੂ ਮੱਖੀਆਂ ਨੂੰ ਤਿਆਰ ਹੁੰਦੇ ਹੋਏ ਵੇਖਦੇ ਹਾਂ, ਅਸੀਂ ਬੱਦਲਾਂ ਨੂੰ ਮੀਂਹ ਦੇ ਲਈ ਇੱਕਠੇ ਹੁੰਦੇ ਹੋਏ ਵੇਖਦੇ ਹਾਂ; ਅਸੀਂ ਹਰੇਕ ਚੀਜ ਨੂੰ ਵੇਖਦੇ ਹਾਂ; ਕਿਵੇਂ ਉਹ ਉਹ ਆਪਣੀ ਮਹਾਨ ਖਿੱਚ ਦੇ ਲਈ ਆਪਣਾ ਏਕਾ ਕਰਦੇ ਹਨ। ਅਸੀਂ ਰਾਸ਼ਟਰਾਂ ਦੇ ਗਠਜੋੜ ਨੂੰ, ਰਾਸ਼ਟਰਾਂ ਨੂੰ ਇੱਕਠੇ ਹੁੰਦੇ ਹੋਏ ਵੇਖਦੇ ਹਾਂ, ਉਹ ਆਪਣਾ ਏਕਾ ਸਾਮਵਾਦ ਵਿੱਚ ਕਰ ਰਹੇ ਹਨ। ਅਸੀਂ ਉਹਨਾਂ ਨੂੰ ਇਥੇ ਪੱਛਮੀ ਜਗਤ ਵਿੱਚ ਏਕਾ ਕਰਦੇ ਹੋਇਆਂ ਵੇਖਦੇ ਹਾਂ। ਅਸੀਂ ਕਲੀਸਿਯਾ ਨੂੰ ਆਪਣਾ ਇੱਕਠ ਕਰਦੇ ਹੋਈਆਂ ਵੇਖਦੇ ਹਾਂ, ਇਹ ਸਾਰੇ ਦੂਸਰੇ ਆਪਣੇ ਆਪ ਨੂੰ ਇੱਕਠੇ ਕਰ ਰਹੇ ਹਨ। ਇਸ ਲਈ ਇਹ ਬਿਲਕੁਲ ਅਣਹੋਣਾ ਹੈ ਕਿ ਇਸ ਤਰਾਂ ਕਿਸੇ ਹੋਰ ਸਮੇਂ ਵਿੱਚ ਹੁੰਦਾ; ਵੀਹ ਸਾਲ ਪਹਿਲਾਂ ਇਸ ਤਰਾਂ ਨਹੀਂ ਹੋ ਸਕਦਾ ਸੀ, ਇਸ ਤਰਾਂ ਨਹੀਂ ਹੋ ਸਕਦਾ ਸੀ। ਦੱਸ ਸਾਲ ਪਹਿਲਾਂ ਇਸ ਤਰਾਂ ਨਹੀਂ ਹੋ ਸਕਦਾ ਸੀ, ਇਸ ਨੂੰ ਹੁਣ ਹੀ ਹੋਣਾ ਸੀ। ਸਮਝੋ, ਕਿਉਂਕਿ ਇਹ ਪੰਥ ਜਾਂ ਵਾਦ ਅਤੇ ਚੀਜਾਂ ਇਸ ਹਾਲਤ ਵਿੱਚ ਨਹੀਂ ਆਈਆਂ ਸਨ।

118 ਹੁਣ ਜਾਗ ਜਾਓ! ਆਪਣੇ ਆਪ ਨੂੰ ਛੇਤੀ ਨਾਲ ਝੰਜੋੜੋ ਅਤੇ ਤਲਾਸ਼ ਕਰੋ ਕਿ ਅਸੀਂ ਕਿਥੇ ਹਾਂ! ਅਸੀਂ ਕਿਥੇ ਹਾਂ? ਉਹਨਾਂ ਗਿਆਨੀ ਮਨੁੱਖਾਂ ਦੇ ਵਾਂਗ ਅਸੀਂ ਉਹਦੇ ਵਚਨ ਦੇ ਨਾਲ ਇਕਸਾਰਤਾ ਵਿੱਚ ਹਾਂ ਅਤੇ ਪ੍ਰਭੂ ਦਾ ਪ੍ਰਕਾਸ਼ ਸਾਡੇ ਰਾਹ ਉੱਤੇ ਚਮਕ ਰਿਹਾ ਹੈ। ਪਰਮਧਾਮ ਵਿੱਚ ਪਰਮੇਸ਼ੁਰ ਦੀ ਮਹਿਮਾ ਹੋਵੇ। ਅਤੇ ਪਰਮੇਸ਼ੁਰ ਦੇ ਮਹਿਮਾ ਹੋਵੇ ਜਿਸ ਨੇ ਸਾਨੂੰ ਯਿਸੂ ਮਸੀਹ ਦਿੱਤਾ, ਜਿਸ ਨੂੰ ਅਸੀਂ ਪ੍ਰੇਮ ਕਰਦੇ ਹਾਂ ਅਤੇ ਜੋ ਸਾਨੂੰ ਇਸ ਜਗ੍ਹਾ ਤੇ ਲੈ ਕੇ ਆਇਆ ਹੈ। ਅਤੇ ਜਿਵੇਂ ਅਸੀਂ...ਅਸੀਂ ਉਹਦੇ ਲੋਕ ਹਾਂ, ਉਹਦੇ ਲਹੂ ਦੇ ਮੁੱਲ ਨਾਲ ਖਰੀਦੇ ਹੋਏ ਹਾਂ।

119 ਔਹ ਮੇਰੇ! ਜਦੋਂ ਏਕੀਕਰਨ ਦਾ ਸਮਾਂ ਆਉਂਦਾ ਹੈ, ਸਾਨੂੰ ਇਸ ਤਰਾਂ ਲਗਦਾ ਹੈ ਜਿਵੇਂ ਅਸੀਂ ਉਹਦੀ ਆਤਮਾ ਦੇ ਬੰਧਨਾਂ ਦੁਆਰਾ ਇੱਕ ਦੂਸਰੇ ਨਾਲ ਜੁੜੇ ਹੋਏ ਹਾਂ, ਅਸੀਂ...ਕੀ ਇਹ ਉਸਦਾ ਆਤਮਾ ਹੋ ਸਕਦਾ ਹੈ? ਯਕੀਨਨ, ਇਹ ਉਹਦੀ ਆਤਮਾ ਹੈ। ਇਹ ਕਿਓਂ ਹੈ? ਇਹ ਉਸਦਾ ਵਚਨ ਹੈ ਅਤੇ ਉਹ...ਵਚਨ ਦਾ ਆਤਮਾ ਹੈ। ਅਤੇ ਜਦੋਂ ਵਾਅਦੇ ਵਾਲਾ ਆਤਮਾ ਤੁਹਾਡੇ ਉੱਤੇ ਆਉਂਦਾ ਹੈ ਅਤੇ ਪ੍ਰਮਾਣਿਤ ਕਰਦਾ ਹੈ ਅਤੇ ਆਪਣੇ ਆਪ ਨੂੰ ਇਥੇ ਵਿਖਾਉਂਦਾ ਹੈ, ਕੀ ਇਹ ਉਹੀ ਆਤਮਾ ਹੈ? ਇਹ ਉਹੀ ਹੈ ਜਿਹੜਾ ਮੂਸਾ ਦੇ ਨਾਲ ਉਜਾੜ ਵਿੱਚ ਸੀ! ਇਹ ਹੀ ਹੈ ਜਿਹੜਾ ਯਿਸੂ ਮਸੀਹ ਦੇ ਉੱਤੇ ਸੀ! ਇਹ ਉਹੀ ਹੈ ਜਿਹੜਾ ਸੌਲੁਸ ਨੂੰ ਦੰਮਿਸਕ ਦੇ ਰਸਤੇ ਤੇ ਮਿਲਿਆ ਸੀ! ਉਹ ਕਲ੍ਹ ਅੱਜ ਅਤੇ ਜੁੱਗੋ ਜੁੱਗ ਇੱਕੋ ਜਿਹਾ ਹੈ! ਅਤੇ ਉਹ ਉਹੀ ਕੰਮ ਕਰਦਾ ਹੈ।

120 ਅਤੇ ਅਸੀਂ ਰਾਸ਼ਟਰਾਂ ਨੂੰ ਇੱਕਠੇ ਵੇਖਦੇ ਹਾਂ, ਅਸੀਂ ਕਲੀਸਿਯਾ ਦੇ ਪ੍ਰਧਾਨਾਂ ਨੂੰ ਇੱਕਠੇ ਵੇਖਦੇ ਹਾਂ, ਅਸੀਂ ਸਾਮਵਾਦ ਨੂੰ ਇੱਕਠਾ ਵੇਖਦੇ ਹਾਂ, ਅਸੀਂ ਪੰਥਾਂ ਨੂੰ ਏਕਾ ਕਰਦੇ ਹੋਏ ਵੇਖਦੇ ਹਾਂ, ਅਸੀਂ ਇਹ ਸਾਰੀਆਂ ਚੀਜਾਂ ਨੂੰ ਵੇਖਦੇ ਹਾਂ; ਅਤੇ ਹੁਣ ਅਸੀਂ ਲਾੜੀ ਨੂੰ ਵਚਨ ਦੇ ਨਾਲ ਏਕਾ ਕਰਦੇ ਹੋਇਆਂ ਵੇਖਦੇ ਹਾਂ। ਔਹ, ਮੇਰੇ! ਇਹ ਉਹ ਸਮਾਂ ਹੈ ਜਦੋਂ ਸੰਤਾਂ ਨੂੰ ਜਾਗ ਜਾਣਾ ਚਾਹੀਦਾ ਹੈ ਤਾਂ ਕਿ ਉਹਨਾਂ ਨਾਲ ਏਕਾ ਕਰਨ ਜਿਹੜੇ ਜਿਉਂਦੇ ਹਨ ਤਾਂ ਕਿ ਜਾ ਕੇ ਯਿਸੂ ਮਸੀਹ ਨਾਲ ਹਮੇਸ਼ਾ ਦੇ ਲਈ ਮਿਲ ਜਾਣ।

121 ਕਾਸ਼ ਪਰਮੇਸ਼ੁਰ ਸਾਡੀ, ਸਾਡੇ ਵਿਚੋਂ ਹਰੇਕ ਦੀ ਮਸੀਹ ਨਾਲ ਏਕਤਾ ਕਰਨ ਲਈ ਮਦਦ ਕਰੇ, ਅਸੀਂ ਆਪਣਾ ਸਭ ਕੁਝ ਜੋ ਕੁਝ ਵੀ ਅਸੀਂ ਹਾਂ, ਜੋ ਕੁਝ ਵੀ ਸਾਡੇ ਕੋਲ ਹੈ, ਸਾਡਾ ਪ੍ਰਾਣ, ਸ਼ਰੀਰ ਅਤੇ ਮਨ ਯਿਸੂ ਮਸੀਹ ਨੂੰ ਸਪੁਰਦ ਕਰਦੇ ਹਾਂ ਅਤੇ ਉਸ ਏਕੀਕਰਨ ਦੇ ਸਮੇਂ ਦੇ ਲਈ ਉਡੀਕਦੇ ਹਾਂ ।

ਜਦੋਂ ਪਰਮੇਸ਼ੁਰ ਦੀ ਤੁਰ੍ਹੀ ਫੂਕੀ ਜਾਵੇਗੀ ਅਤੇ ਸਮਾਂ ਹੋਰ ਨਹੀਂ ਰਹੇਗਾ,
ਅਤੇ ਅਨੰਤ, ਪ੍ਰਕਾਸ਼ਮਾਨ ਅਤੇ ਸੁੰਦਰ ਸਵੇਰ ਚੜ੍ਹੇਗੀ;
ਜਦੋਂ ਮਸੀਹ ਵਿੱਚ ਮੋਏ ਜੀ ਉੱਠਣਗੇ ਅਤੇ ਦੂਰ ਦੂਸਰੇ ਕਿਨਾਰੇ ਤੇ ਇੱਕਠੇ ਹੋਣਗੇ (ਉਸ ਲਾੜੀ ਨਾਲ ਜਿਹੜੀ ਜਿਉਂਦੀ ਹੈ), ਇੱਕਠੇ ਉੱਪਰ ਉਠਾਏ ਜਾਣ ਦੇ ਲਈ ।

122 ਏਕੀਕਰਨ ਦੀ ਵਲ੍ਹ ਵੇਖੋ! ਪਰਮੇਸ਼ੁਰ ਕਲੀਸਿਯਾ ਦਾ ਆਪਣੇ ਵਚਨ ਦੇ ਨਾਲ ਏਕੀਕਰਨ ਕਰ ਰਿਹਾ ਹੈ, ਵਚਨ ਦਾ ਕਲੀਸਿਯਾ ਦੇ ਨਾਲ ਤਾਂ ਕਿ ਉਹ ਦੋਵੇਂ ਇੱਕ ਬਣ ਜਾਣ, "*ਇਹ* ਕਹਿਣ ਅਤੇ ਇਹ ਹੋ ਜਾਵੇ । *ਇਹ* ਕਰ ਅਤੇ ਇਹ ਹੋ ਜਾਵੇਗਾ । ਇਹ ਹੀ ਹੈ; ਤੁਹਾਡੇ ਅੱਗੇ ਇਹ ਮੈਂ ਹਾਂ, ਇਹ ਮੈਂ ਹਾਂ ਜੋ ਇਸ ਨੂੰ ਪ੍ਰਮਾਣਿਤ ਕਰ ਰਿਹਾ ਹਾਂ; ਇਹ ਮੈਂ ਹੀ ਹਾਂ ਜੋ ਤੁਹਾਡੇ ਨਾਲ ਹਾਂ" । ਸਭ ਠੀਕ ਹੈ ।

123 ਸਾਨੂੰ ਪਤਾ ਲਗਦਾ ਹੈ ਕਿ ਹੁਣ ਸਮਾਂ ਆਉਂਦਾ ਹੈ ਜੱਦ ਤੁਰ੍ਹੀ ਫੂਕੀ ਜਾਂਦੀ ਹੈ ਅਤੇ ਉਹ ਪਿਛਲੇ ਸੁੱਤੇ ਹੋਏ ਸੰਤ, ਉਹ ਸਾਡੇ ਤੋਂ ਬਿਨਾਂ ਸਿੱਧ ਨਹੀਂ ਬਣਾਏ ਜਾ ਸਕਦੇ; ਉਹ ਸਾਡੇ ਤੇ ਨਿਰਭਰ ਹਨ (ਇਬਰਾਨੀਆਂ 11); ਅਤੇ ਜਦੋਂ ਉਹ ਇੱਕਠੇ ਆਉਂਦੇ ਹਨ ਤਾਂ ਉਹ ਜਿਉਂਦਿਆਂ ਦੇ ਨਾਲ ਮਿਲ ਜਾਂਦੇ ਹਨ । ਕਲੀਸਿਯਾ ਵਚਨ ਦੇ ਨਾਲ ਏਕੀਕਰਨ ਕਰ ਰਹੀ ਹੈ ਅਤੇ ਫਿਰ ਕਲੀਸਿਯਾ ਅਤੇ ਵਚਨ ਏਕਾ ਕਰ ਰਹੇ ਹਨ, ਇੱਕ ਬਣ ਰਹੇ ਹਨ । ਮਰੇ ਹੋਏ ਸੰਤ ਜਿਉਂਦੇ ਸੰਤਾਂ ਨਾਲ ਇੱਕ ਹੋਣ ਦੇ ਲਈ ਮਿਲ ਰਹੇ ਹਨ; ਅਤੇ ਲੇਲੇ ਦੇ ਵਿਆਹ ਭੋਜ ਦੇ ਲਈ ਉਹ ਸਾਰੇ ਇੱਕਠੇ ਮਸੀਹ ਦੇ ਨਾਲ ਏਕਾ ਕਰਨ ਜਾ ਰਹੇ ਹਨ ।

124 ਇਹ ਏਕੀਕਰਨ ਦਾ ਸਮਾਂ ਹੈ ਅਤੇ ਨਿਸ਼ਾਨ ਹਰ ਜਗ੍ਹਾ ਨਜ਼ਰ ਆ ਰਹੇ ਹਨ । ਰਾਸ਼ਟਰਾਂ ਵਿੱਚ ਨਿਸ਼ਾਨ ਹਨ, ਸਾਮਵਾਦ ਵਿੱਚ ਨਿਸ਼ਾਨ ਹਨ, ਪੱਛਮੀ ਜਗਤ ਵਿੱਚ ਨਿਸ਼ਾਨ ਹਨ, ਗਿਰਜਿਆਂ ਦੀ ਸਭਾ ਵਿੱਚ ਨਿਸ਼ਾਨ ਹਨ । ਅਤੇ ਅੱਜ ਰਾਤ ਪਵਿੱਤਰ ਆਤਮਾ ਦੀ ਛੱਤਰ ਛਾਇਆ ਹੇਠ ਵੀ ਇੱਕ ਨਿਸ਼ਾਨ ਹੈ ਅਤੇ ਪਰਮੇਸ਼ੁਰ ਦਾ ਵਚਨ ਇਸ ਦੀ ਪੁਸ਼ਟੀ ਕਰ ਰਿਹਾ ਹੈ ਅਤੇ ਇਸ ਨੂੰ ਸੱਚਾਈ ਬਣਾ ਰਿਹਾ ਹੈ । ਆਮੀਨ! ਏਕੀਕਰਨ ਦਾ ਸਮਾਂ! ਏਕੀਕਰਨ ਦੇ ਸਮੇਂ ਦਾ ਨਿਸ਼ਾਨ!

ਆਓ ਆਪਣੇ ਸਿਰਾਂ ਨੂੰ ਝੁਕਾਈਏ ।

125 ਪ੍ਰਭੂ ਯਿਸੂ, ਜਿਵੇਂ ਮੇਰਾ ਦਿਲ (ਇੱਕ ਅੱਧਖੜ ਉਮਰ ਦੇ ਆਦਮੀ ਦਾ) ਅਨੰਦ ਨਾਲ ਉੱਛਲਦਾ ਹੈ ਜਦ ਮੈਂ ਸੰਭਾਵਨਾਵਾਂ ਨੂੰ ਵੇਖਦਾ ਹਾਂ, ਪਰ ਇਸ ਉਮਰ ਵਿੱਚ ਮੇਰੇ ਲਈ ਇਹ ਸੰਭਾਵਨਾ ਹੈ ਕਿ ਮੈਂ ਤੈਨੂੰ ਇਸ ਪੀੜ੍ਹੀ ਵਿੱਚ ਆਉਂਦੇ ਹੋਏ ਵੇਖਾਂ; ਇਹ ਕਿ ਜਿਉਂਦਾ ਰਹਾਂ ਅਤੇ ਇਥੇ ਖੜਾ ਹੋਵਾਂ ਅਤੇ ਵੇਖਾਂ ਜੱਦ ਉਹ ਤੁਰ੍ਹੀ ਫੂਕੀ ਜਾਵੇਗੀ, "ਜਿਹੜਾ ਪਲੀਤ ਹੈ ਅਗਾਹਾਂ ਨੂੰ ਪਲੀਤ ਹੋਈ ਜਾਏ । ਜਿਹੜਾ ਧਰਮੀ ਹੈ ਅਗਾਹਾਂ ਨੂੰ ਧਰਮੀ ਬਣਿਆ ਰਹੇ । ਜਿਹੜਾ ਪਵਿੱਤਰ ਹੈ ਅਗਾਹਾਂ ਨੂੰ ਪਵਿੱਤਰ ਬਣਿਆ ਰਹੇ" । ਹੇ ਪ੍ਰਭੂ ਪਰਮੇਸ਼ੁਰ!

126 ਅਤੇ ਸਾਡੇ ਖੜੇ ਹੋਣ ਦੇ ਬਾਰੇ ਸੋਚਣਾ, ਛਿਣ ਭਰ ਵਿੱਚ, ਅੱਖ ਦੀ ਝਮਕ ਦੇ ਨਾਲ, ਜਦ ਜਗਤ ਨਹੀਂ ਜਾਣਗਾ ਕਿ ਕੀ ਹੋ ਰਿਹਾ ਹੈ ਪਰ ਅਚਾਨਕ ਹੀ ਤੁਸੀਂ ਆਪਣੇ ਪਿਆਰਿਆਂ ਨੂੰ ਆਪਣੇ ਸਾਹਮਣੇ ਵੇਖੋਗੇ ਜਿਹੜੇ ਚਲੇ ਗਏ ਸਨ, ਉਹ ਤੁਹਾਡੇ ਨਾਲ ਫਿਰ ਤੋਂ ਮਿਲਾਪ ਕਰਨ ਦੇ ਲਈ ਆਉਣਗੇ । ਅਤੇ ਅਸੀਂ ਛਿਣ ਭਰ ਵਿੱਚ ਅੱਖ ਦੀ ਝਮਕ ਵਿੱਚ ਬਦਲ ਜਾਵਾਂਗੇ ਅਤੇ ਪ੍ਰਭੂ ਨੂੰ ਹਵਾ ਵਿੱਚ ਮਿਲਣ ਲਈ ਇੱਕਠੇ ਉੱਪਰ ਉੱਠਾ ਲਏ ਜਾਵਾਂਗੇ । ਅਤੇ ਫਿਰ ਉਥੇ ਉਹਦੇ ਨਾਲ ਹਮੇਸ਼ਾ ਵਾਸਤੇ ਰਹਿਣ ਲਈ ਅਤੇ ਫਿਰ ਕਦੇ ਵੀ ਉਸਦੀ ਹਜੂਰੀ ਵਿਚੋਂ ਬਾਹਰ ਨਾ ਜਾਣ ਦੇ ਲਈ ਉਸਦੇ ਨਾਲ ਇੱਕ ਹੋ ਜਾਵਾਂਗੇ ।

127 ਪ੍ਰਭੂ, ਅੱਜ ਦੇ ਦਿਨ ਇਹ ਜਾਣਨਾ ਕਿੰਨੀ ਮਹਾਨ ਗੱਲ ਹੈ ਕਿ ਅਸੀਂ ਇੱਕ ਆਤਮਾ ਦੁਆਰਾ ਜੁੜ੍ਹੇ ਹੋਏ ਹਾਂ । ਇੱਕ ਆਤਮਾ ਜੋ ਪਵਿੱਤਰ ਆਤਮਾ ਹੈ, ਵਚਨ ਉਸਦੀ ਪਕੜ ਵਿੱਚ ਹੈ ਅਤੇ ਉਹ ਸਾਡੇ ਅੰਦਰ ਆਉਂਦਾ ਹੈ । ਅਤੇ ਇਹ ਕਿੰਨੀ ਮਹਾਨ ਗੱਲ ਹੈ, ਕਿੰਨੀ ਭਾਗਾਂ ਵਾਲੀ ਗੱਲ ਹੈ ਕਿ ਸਾਰੇ ਜਗਤ ਤੋਂ ਮੁਕਤ ਹੋ ਕੇ ਅਸੀਂ ਯਿਸੂ ਮਸੀਹ ਨਾਲ ਆਪਣੇ ਆਪ ਨੂੰ ਜੋੜ ਲਈਏ । ਅਤੇ ਇਹ ਸੋਚਣਾ ਕਿ ਕਿਸੇ ਦਿਨ ਸ਼ਰੀਰਕ ਰੂਪ ਵਿੱਚ, ਉਸ ਵਰਗੇ ਸ਼ਰੀਰ ਦੇ ਨਾਲ ਜਿਵੇਂ ਉਹਦਾ ਆਪਣਾ ਮਹਿਮਾਮਈ ਸ਼ਰੀਰ ਹੈ, ਅਸੀਂ ਵਿਆਹ ਦੇ ਭੋਜ ਲਈ ਮੇਜ ਉੱਤੇ ਬੈਠਾਂਗੇ ਅਤੇ ਉਥੇ ਉਹਦੇ ਨਾਲ ਇੱਕ ਹੋ ਜਾਵਾਂਗੇ ਅਤੇ ਉਹਦੇ ਨਾਲ ਵਿਆਹੇ ਜਾਵਾਂਗੇ ਤਾਂਕਿ ਸਾਰੇ ਸਮੇਂ ਵਿੱਚ ਜੋ ਆਉਣ ਵਾਲਾ ਹੈ, ਨਿਰੰਤਰ ਅਨੰਤਾ ਦੇ ਵਿੱਚ ਲਾੜੇ ਅਤੇ ਲਾੜੀ ਦੇ ਵਾਂਗ ਰਹਿਏ ।

128 ਪ੍ਰਭੂ ਪਰਮੇਸ਼ੁਰ, ਕਾਸ਼ ਲੋਕਾਂ ਦੇ ਲਈ ਇਹ ਕੋਈ ਕਥਾ ਵਿਚਾਰ ਨਾ ਹੋਵੇ ਪਰ ਇਹ ਏਨੀ ਅਸਲੀਅਤ ਬਣ ਜਾਵੇ ਕਿ ਲੋਕਾਂ ਦੇ ਵਿੱਚ ਇਸ ਤਰਾਂ ਦੀ ਭੁੱਖ ਅਤੇ ਪਿਆਸ ਆ ਜਾਵੇ ਕਿ ਉਹ...ਆਪਣੇ ਅਖਬਾਰ ਪੜ੍ਹਦੇ ਹੋਈਏ, ਵੇਖਦੇ ਹੋਏ...ਰੇਡੀਓ ਅਤੇ ਖਬਰਾਂ ਨੂੰ ਸੁਣਦੇ ਹੋਏ ਅਤੇ ਇਹ ਵੇਖਦੇ ਹੋਏ ਕਿ ਇਹ ਏਕੀਕਰਨ ਦਾ ਸਮਾਂ ਹੈ । ਨਿਸ਼ਾਨ ਚਮਕ ਰਹੇ ਹਨ ।

129 ਪ੍ਰਭੂ ਪਰਮੇਸ਼ੁਰ, ਜਿਵੇਂ ਅਸੀਂ ਔਰਤਾਂ ਬਾਰੇ ਬੋਲਿਆ ਕਿ ਉਹ ਅੰਤ ਦੇ ਦਿਨਾਂ ਵਿੱਚ ਕੀ ਕਰਣਗੀਆਂ; ਕਲੀਸਿਯਾ ਅੰਤ ਦੇ ਦਿਨਾਂ ਵਿੱਚ ਕੀ ਕਰੇਗੀ ਅਤੇ ਕਲੀਸਿਯਾ ਦੇ ਯੁੱਗ ਕੀ ਹੋਣਗੇ ਅਤੇ ਮੋਹਰਾਂ ਕੀ ਹੋਣਗੀਆਂ ਅਤੇ ਹੋਰ ਸਭ ਚੀਜਾਂ ਕੀ ਹੋਣਗੀਆਂ । ਅਤੇ ਅਸੀਂ ਇਸ ਨੂੰ ਉਸੇ ਤਰਾਂ ਵੇਖਦੇ ਹਾਂ ਜਿਵੇਂ ਨੂਹ ਦੇ ਦਿਨਾਂ ਵਿੱਚ ਸੀ । ਅਸੀਂ ਇਸ ਨੂੰ ਉਸੇ ਤਰਾਂ ਵੇਖਦੇ ਹਾਂ ਜਿਵੇਂ ਇਹ ਸਦੂਮ ਅਤੇ ਲੂਤ ਦੇ ਦਿਨਾਂ ਵਿਚ ਸੀ, ਜਦੋਂ ਪ੍ਰਭੂ ਦੇ ਦੂਤ ਨੇ ਆਪਣੇ ਆਪ ਨੂੰ ਮਨੁੱਖੀ ਦੇਹ ਉੱਤੇ ਪ੍ਰਗਟ ਕੀਤਾ, ਜਿਹਨੇ ਗਾਂ ਦਾ ਮਾਸ ਖਾਧਾ ਅਤੇ ਗਾਂ ਦਾ ਦੁੱਧ ਪੀਤਾ ਅਤੇ ਰੋਟੀ ਖਾਧੀ ਅਤੇ ਉਥੇ ਖੜਾ ਹੋਇਆ ਸੀ ਅਤੇ ਇਹ ਦੱਸ ਸਕਦਾ ਸੀ ਕਿ ਉਹਦੇ ਪਿਛੇ ਕੀ ਹੋ ਰਿਹਾ ਸੀ । ਅਤੇ ਯਿਸੂ ਨੇ ਕਿਹਾ ਕਿ ਮਨੁੱਖ ਦੇ ਪੁੱਤਰ ਦੇ ਆਉਣ ਤੇ ਵੀ ਇੰਝ ਹੀ ਹੋਵੇਗਾ ।

130 ਪ੍ਰਭੂ ਪਰਮੇਸ਼ੁਰ, ਅਸੀਂ ਪਿਰਾਮਿਡ ਨੂੰ ਵੇਖਿਆ ਹੈ, ਕਿਵੇਂ ਅਸੀਂ ਉਥੇ ਇਹ ਬਣਾਇਆ ਅਤੇ ਇਹ ਵੇਖਿਆ ਕਿ ਕਿਵੇਂ ਅਸੀਂ ਇਹ ਚੀਜਾਂ ਉਸ ਨਾਲ ਜੋੜੀਆਂ ਅਤੇ ਸਾਨੂੰ ਮਲੂਮ ਹੋਇਆ ਹੈ ਕਿ ਅਸੀਂ ਅੰਤ ਸਮੇਂ ਤੇ ਹਾਂ; ਮੁੱਖ ਖੂੰਜੇ ਦੇ ਪੱਥਰ ਨੂੰ ਉਡੀਕ ਰਹੇ ਹਾਂ । ਪਰਮੇਸ਼ੁਰ ਦੀ ਮਹਿਮਾ ਹੋਵੇ! ਪਿਤਾ, ਅਸੀਂ ਪ੍ਰਾਰਥਨਾ ਕਰਦੇ ਹਾਂ ਕਿ ਤੁਸੀਂ ਹੁਣ ਛੇਤੀ ਹੀ ਲੋਕਾਂ ਨੂੰ ਜਗਾ ਦਵੋਗੇ ਅਤੇ ਈਸ਼ਵਰੀ ਪ੍ਰੇਮ ਅਤੇ ਯਿਸੂ ਮਸੀਹ ਅਤੇ ਇੱਕ ਦੂਸਰੇ ਦੇ ਪ੍ਰਤਿ ਆਦਰ ਸਹਿਤ ਸਾਨੂੰ ਇੱਕਠੇਆਂ ਕਰੋਗੇ ।

131 ਜੇਕਰ ਅੱਜ ਰਾਤ ਇਥੇ ਕੋਈ ਹੈ ਜਿਸਦੇ ਅੰਦਰ ਉਹ ਆਸ ਨਹੀਂ ਹੈ, ਕੀ ਤੁਸੀਂ ਆਪਣੇ ਹੱਥ ਪਰਮੇਸ਼ੁਰ ਵਲ੍ਹ ਖੜੇ ਕਰੋਗੇ ਅਤੇ ਕਹੋਗੇ, "ਪ੍ਰਭੂ ਪਰਮੇਸੁਰ, ਮੈਨੂੰ ਆਪਣੇ ਨਾਲ ਇੱਕ ਕਰ ਲੈ, ਮੈਨੂੰ ਆਪਣੇ ਨਾਲ ਇੱਕ ਕਰ ਲੈ"? ਪਰਮੇਸ਼ੁਰ ਤੁਹਾਨੂੰ ਬਰਕਤ ਦਵੇ, ਭਾਈ । ਪਰਮੇਸ਼ੁਰ ਤੁਹਾਨੂੰ, ਤੁਹਾਨੂੰ, ਅਤੇ ਤੁਹਾਨੂੰ, ਤੁਹਾਨੂੰ; ਹਾਂ । "ਪ੍ਰਭੂ, ਮੈਨੂੰ ਆਪਣੇ ਨਾਲ ਇੱਕ ਕਰ ਲੈ" । ਹਾਂ! ਔਹ, ਮੇਰੇ!

ਰਾਸ਼ਟਰ ਟੁੱਟ ਰਹੇ ਹਨ, ਇਸਰਾਏਲ ਜਾ ਰਿਹਾ ਹੈ,

132 ਇਸਰਾਏਲ ਵਲ੍ਹ ਨਿਗਾਹ ਕਰੋ, ਉਹ ਆਪਸੀ ਏਕਤਾ ਵਿੱਚ ਹੈ । ਇਸਰਾਏਲ, ਸਾਰੇ ਸੰਸਾਰ ਵਿਚੋਂ ਇਸਰਾਇਲੀ ਆਪਸ ਵਿੱਚ ਇੱਕ ਹੋਣ ਲਈ ਆਏ ਕਿ ਆਪਸ ਵਿੱਚ ਮਿਲ ਜਾਣ ਅਤੇ ਹੁਣ ਉਹ ਇੱਕ ਰਾਸ਼ਟਰ ਹੈ । ਉਹ ਇੱਕ ਸੰਯੁਕਤ ਰਾਜ ਹੈ; ਉਹਨਾਂ ਦਾ ਆਪਣਾ ਝੰਡਾ, ਆਪਣਾ ਸਿੱਕਾ, ਆਪਣੀ ਫ਼ੌਜ, ਸਭ ਕੁਝ ਆਪਣਾ ਹੈ; ਜੇਕਰ ਕਦੇ ਉਹ ਸੰਯੁਕਤ ਰਾਜ ਸਨ ਤਾਂ ਉਹ ਹੁਣ ਹਨ । ਇਸਰਾਏਲ ਏਕੀਕਰਨ ਕਰ ਚੁੱਕਾ ਹੈ, ਰੋਮ ਏਕਾ ਕਰ ਚੁੱਕਾ ਹੈ, ਕਲੀਸਿਯਾ ਏਕਾ ਕਰ ਚੁੱਕੀ ਹੈ । ਅਤੇ ਲਾੜੀ ਏਕੀਕਰਨ ਕਰ ਰਹੀ ਹੈ, ਆਮੀਨ; ਅਤੇ ਇੱਕ ਮਹਾਨ ਏਕਤਾ ਆਉਣ ਵਾਲੀ ਹੈ । ਇਹ ਕੀ ਹੈ? ਇਹ ਸਭ ਕੁਝ ਉਸ ਇੱਕ ਨਿਸ਼ਾਨ; ਉਸ ਮੁੱਖ ਵੱਡੇ ਅੱਖਰ ਵਾਲੇ ਨਿਸ਼ਾਨ ਦੀ ਵਲ੍ਹ ਵਧ ਰਹੀ ਹੈ, ਯਿਸੂ ਅਤੇ ਉਹਦੀ ਲਾੜੀ ਇੱਕ ਹੋਣ ਲਈ ਮਿਲਾਪ ਕਰ ਰਹੇ ਹਨ ।

133 ਪਿਤਾ, ਪਰਮੇਸ਼ੁਰ, ਇਹਨਾਂ ਬਰਕਤਾਂ ਨੂੰ ਬਖ਼ਸ ਦੇ ਜੋ ਮੈਂ ਇਹਨਾਂ ਲੋਕਾਂ ਦੇ ਲਈ ਮੰਗੀਆਂ ਹਨ ਅਤੇ ਕਾਸ਼ ਅਸੀਂ ਦਿਲ ਅਤੇ ਆਤਮਾ ਨਾਲ ਤੇਰੇ ਨਾਲ ਜੁੜ ਜਾਇਏ, ਜਿਵੇਂ ਉਹਨਾਂ ਨੇ ਇਸ ਇੱਛਾ ਨਾਲ ਆਪਣੇ ਹੱਥੇ ਖੜੇ ਕੀਤੇ ਹਨ । ਪ੍ਰਭੂ ਪਰਮੇਸ਼ੁਰ ਸਾਨੂੰ ਸਾਫ਼ ਕਰ ਅਤੇ ਸਾਨੂੰ ਆਪਣਾ ਬਣਾ ਲੈ; ਇਹ ਬਖਸ ਦੇ, ਪ੍ਰਭੂ । ਇਹ ਹੀ ਹੈ ਜੋ ਅਸੀਂ ਜਾਣਦੇ ਅਤੇ ਅਤੇ ਕਰ ਸਕਦੇ ਹਾਂ, ਉਹ ਹੈ ਕਿ ਮੰਗੀਏ । ਅਤੇ ਫਿਰ ਤੂੰ ਕਿਹਾ ਕਿ ਜੇਕਰ ਅਸੀਂ ਮੰਗੀਏ ਅਤੇ ਵਿਸ਼ਵਾਸ ਕਰੀਏ ਤਾਂ ਸਾਨੂੰ ਇਹ ਮਿਲ ਜਾਵੇਗਾ; ਮੈਂ ਇਸ ਲਈ ਉਡੀਕ ਰਿਹਾ ਹਾਂ, ਪਭੂ । ਮੈਂ ਯਿਸੂ ਮਸੀਹ ਦੇ ਨਾਮ ਵਿੱਚ ਤੁਹਾਡਾ ਧੰਨਵਾਦ ਕਰਦਾ ਹਾਂ । ਆਮੀਨ ।

ਮੈਂ ਓਸ ਨੂੰ ਪ੍ਰੇਮ ਕਰਦਾ ਹਾਂ, ਮੈਂ ਓਸ ਨੂੰ ਪ੍ਰੇਮ ਕਰਦਾ ਹਾਂ,
ਕਿਓਂਕਿ ਓਸਨੇ ਮੇਰੇ ਨਾਲ ਪਹਿਲਾਂ ਪ੍ਰੇਮ ਕੀਤਾ,
ਅਤੇ ਮੇਰੀ ਮੁਕਤੀ ਨੂੰ ਖਰੀਦ ਲਿਆ,
ਕਲਵਰੀ ਦੀ ਸਲੀਬ ਤੇ । (ਅਮੀਨ । ਹੇ, ਮੇਰੇ!)

ਵੇਖੋ, ਲਾੜਾ ਆਉਂਦਾ ਹੈ!
ਮੈਂ ਅੱਧੀ ਰਾਤ ਦੀ ਧੁੱਮ ਨੂੰ ਸੁਣ ਰਿਹਾ ਹਾਂ!
ਅਸੀਂ ਸਾਰੇ ਲਲਕਾਰ ਨਾਲ ਉੱਪਰ ਜਾਵਾਂਗੇ, ਜੇਕਰ ਅਸੀਂ ਫੜ ਰਖਿਏ,
ਅਤੇ ਉਸ ਨਾਲ ਅਸਮਾਨ ਵਿੱਚ ਮਿਲਾਂਗੇ ।

ਚੋਕਸ ਰਹਿਣਾ ਅਤੇ ਪ੍ਰਾਰਥਨਾ ਕਰਨਾ, ਮੇਰੇ ਭਾਈ,
ਕਿਤੇ ਇਹ ਨਾ ਹੋਵੇ ਕਿ ਕੋਈ ਤੇਰੇ ਮੁਕਟ ਲੈ ਜਾਵੇ,
ਕਿਓਂਕਿ ਕੋਸੇ ਅਤੇ ਪਿਛੜੇ ਹੋਏ
ਵਿਆਹ ਦੇ ਬਸਤਰ ਨਹੀਂ ਪਹਿਨਣਗੇ ।

134 ਇਹ ਠੀਕ ਹੈ । ਆਓ ਅਸੀਂ ਅੱਧੀ ਰਾਤ ਦੀ ਧੁੱਮ ਦੇ ਲਈ ਤਿਆਰ ਹੋਈਏ । ਇਹ ਓਸ ਘੜੀ ਆ ਰਿਹਾ ਜੱਦ ਤੁਸੀਂ ਸੋਚਦੇ ਹੋ ਉਹ ਕਿ ਇਹ ਨਹੀਂ ਆ ਰਿਹਾ ਹੈ । ਉਥੇ ਇੱਕ ਧੁੱਮ ਹੋਵੇਗੀ, ਪਰ ਅਵਿਸ਼ਵਾਸੀ ਜਗਤ ਦੇ ਲਈ ਨਹੀਂ; ਇਹ ਤਾਂ ਗੁਪਤ ਹੋਵੇਗੀ । ਪਰ ਵਿਸ਼ਵਾਸੀ ਜੋ ਇਸ ਨੂੰ ਉਡੀਕ ਰਹੇ ਹਨ, ਤੁਸੀਂ ਤਾਰਿਆਂ ਨੂੰ ਕਤਾਰ ਵਿੱਚ ਆਉਂਦੇ ਵੇਖ ਰਹੇ ਹੋ? ਸਮਝੇ? ਇਸ ਨੇ ਕੀ ਪੈਦਾ ਕੀਤਾ ਹੈ? ਠੀਕ ਉਹੀ ਚੀਜ ਜੋ ਉਸ ਨੇ ਪਹਿਲੀ ਵਾਰ ਕੀਤੀ ਸੀ । ਸਮਝੇ, ਅਸੀਂ ਇਸ ਹਾਲਤ ਵਿੱਚ ਹਾਂ, ਨਿਸ਼ਾਨ ਆ ਰਹੇ ਹਨ ।

ਅਸੀਂ ਉਹਦੀ ਮੁਬਾਰਕ ਆਮਦ ਦੇ ਨਿਸ਼ਾਨਾਂ ਨੂੰ ਪ੍ਰਗਟ ਹੁੰਦੇ ਵੇਖ ਰਹੇ ਹਾਂ,<br>
ਵੇਖੋ, ਅੰਜ਼ੀਰ ਦੇ ਪੱਤੇ ਹੁਣ ਹਰੇ ਹੋ ਰਹੇ ਹਨ;<br>
ਸਵਰਗ ਰਾਜ ਦਾ ਸੁਸਮਾਚਾਰ ਹਰੇਕ ਕੌਮ ਦੇ ਕੋਲ ਗਿਆ ਹੈ;<br>
ਅਤੇ ਅਸੀਂ ਨੇੜੇ ਹਾਂ, ਅੰਤ ਵੇਖਿਆ ਜਾ ਸਕਦਾ ਹੈ ।

ਫੇਰ ਖੁਸ਼ੀ ਨਾਲ, ਅਸੀਂ ਉਹਦੀ ਆਮਦ ਦੇ ਮੁਬਾਰਕ ਸੰਦੇਸ਼ ਦੀ ਖ਼ਬਰ ਦੇਵਾਂਗੇ,

135 ਕੀ ਇਹ ਸਹੀ ਹੈ? ਔਹ, ਉਹਦੇ ਮੁਬਾਰਕ ਸੰਦੇਸ਼ ਦੇ ਦੇਣੀ ਹੈ ਖ਼ਬਰ! ਇਹੀ ਹੈ ਜੋ ਸਾਨੂੰ ਕਰਨਾ ਹੈ । ਹਰੇਕ ਨੂੰ ਦੱਸੋ, "ਤਿਆਰ ਹੋ ਜਾਓ, ਪਰਮੇਸ਼ੁਰ ਨੂੰ ਮਿਲਣ ਲਈ ਤਿਆਰ ਹੋ ਜਾਓ" । ਆਮੀਨ! ਮੈਂ ਓਸ ਨੂੰ ਪ੍ਰੇਮ ਕਰਦਾ ਹਾਂ । ਔਹ, ਮੈਂ ਓਸ ਨੂੰ ਕਿੰਨਾ ਪ੍ਰੇਮ ਕਰਦਾ ਹਾਂ । ਹੁਣ, ਆਓ ਆਪਣੇ ਪੈਰਾਂ ਤੇ ਖੜੇ ਹੋ ਜਾਇਏ । ਜਿਵੇਂ ਅਸੀਂ ਇੱਕ ਦੂਜੇ ਨਾਲ ਮਿਲਦੇ ਹਾਂ, ਆਲੇ ਦੁਆਲੇ ਜਾਓ ਅਤੇ ਕਿਸੇ ਨਾਲ ਹੱਥ ਮਿਲਾਓ ਅਤੇ ਕਹੋ:

ਜੱਦ ਤਕ ਅਸੀਂ ਨਾ ਮਿਲਿਏ! (ਹੁਣ, ਹੱਥ ਮਿਲਾਓ)...ਜੱਦ ਅਸੀਂ ਮਿਲਿਏ!<br>
ਜੱਦ ਤੱਕ ਅਸੀਂ ਯਿਸੂ ਦੇ ਚਰਨਾਂ ਵਿੱਚ ਮਿਲਿਏ;<br>
ਜੱਦ ਤੱਕ...

ਯਾਦ ਰਖੋ, ਤੁਹਾਨੂੰ ਸ਼ਾਇਦ ਬੁਲਾ ਲਿਆ ਜਾਵੇ । ਹੋ ਸਕਦਾ ਹੈ ਸਾਡੀ ਅਗਲੀ ਸਭਾ ਉਹਦੇ ਚਰਨਾਂ ਵਿੱਚ ਹੋਵੇ ।

ਜੱਦ ਤੱਕ ਅਸੀਂ ਦੁਬਾਰਾ ਮਿਲਿਏ ਪਰਮੇਸ਼ੁਰ ਤੁਹਾਡੇ ਨਾਲ ਰਹੇ!

136 ਹੁਣ, ਜਰਾ ਸੋਚੋ, ਇਸ ਤੋਂ ਪਹਿਲਾਂ ਕਿ ਅਸੀਂ ਦੁਬਾਰਾ ਮਿਲਿਏ; ਇਸ ਤੋਂ ਪਹਿਲਾਂ ਕਿ ਅਸੀਂ ਐਤਵਾਰ ਸਵੇਰ ਜਾਂ ਬੁੱਧਵਾਰ ਰਾਤ ਨੂੰ ਮਿਲਿਏ, ਇਹ ਹੋ ਸਕਦਾ ਹੈ ਕਿ...ਪਹਿਲੀ ਗਲ ਤੁਹਾਨੂੰ ਪਤਾ ਲਗਦੀ ਹੈ ਕਿ ਕੋਈ ਲਾਪਤਾ ਹੈ । ਇਹ ਵਾਲਾ ਲਾਪਤਾ ਹੈ ਅਤੇ ਉਹ ਚਲੇ ਗਏ ਹੋਣ । ਔਹ, ਸੋਚੋ ਕਿ ਤੁਹਾਡਾ ਪਤੀ ਲਾਪਤਾ ਹੈ ਜਾਂ ਤੁਹਾਡੀ ਪਤਨੀ ਲਾਪਤਾ ਹੈ ਅਤੇ ਜੋਨ ਦੀ ਪਤਨੀ ਲਾਪਤਾ ਹੈ ਅਤੇ ਇਥੋਂ ਬਚੇ ਲਾਪਤਾ ਹਨ । ਸਭ ਕੁਝ ਹੋ ਗਿਆ ਹੋਵੇ (ਕੀ ਹੋ ਗਿਆ?), ਫਿਰ ਤੁਸੀਂ ਪਿਛੇ ਰਹਿ ਗਏ ਹੋਵੋ!

ਓਹ, ਕਿੰਨਾ ਰੋਨਾ ਅਤੇ ਵਿਰਲਾਪ ਹੋਵੇਗਾ ਜਦੋਂ ਗੁਆਚਿਆਂ ਹੋਈਆਂ
ਨੂੰ ਉਹਨਾਂ ਦੇ ਅੰਤ ਬਾਰੇ ਦੱਸਿਆ ਜਾਵੇਗਾ,
ਉਹ ਪੱਥਰਾਂ ਅਤੇ ਪਹਾੜਾਂ ਦੇ ਅੱਗੇ ਕੁਰਲਾਏ, (ਜਿਵੇਂ ਇਸਰਾਏਲ,
ਵਾਪਸ ਸ਼ਹਿਰ ਵਿੱਚ ਮੰਦਰ ਦੀ ਵਲ੍ਹ ਜਾ ਰਿਹਾ ਸੀ।)
ਉਨ੍ਹਾਂ ਨੇ ਪ੍ਰਾਰਥਨਾ ਕੀਤੀ ਪਰ ਉਹਨਾਂ ਦੀਆਂ ਪ੍ਰਾਰਥਨਾਵਾਂ ਬਹੁਤ
ਦੇਰ ਨਾਲ ਹੋਈਆਂ। (ਉਹਨਾਂ ਨੇ ਸੰਦੇਸ਼ ਨੂੰ ਠੁਕਰਾ ਦਿੱਤਾ ਸੀ
।)

137 ਓਹ, ਭਰਾਵੋ, ਕਦੇ ਵੀ ਇੰਝ ਨਾ ਕਰਨਾ। ਤੁਸੀਂ ਜੋ ਵੀ ਕਰੋ, ਤੁਸੀਂ ਉਸ ਦੇ ਲਈ ਬਹਾਦਰੀ ਨਾਲ ਖੜੇ ਰਹੋ! ਜੀ ਹਾਂ, ਸ਼੍ਰੀ ਮਾਨ!

138 ਹੁਣ, ਜੱਦ ਤੱਕ ਅਸੀਂ ਮਿਲਦੇ ਹਾਂ, ਅਸੀਂ ਇਹ ਕਰਾਂਗੇ:

ਯਿਸੂ ਨੇ ਨਾਮ ਨੂੰ ਆਪਣੇ ਨਾਲ ਲੈ ਲਓ,
ਹਰੇਕ ਚਿੰਤਾ ਤੋਂ ਇੱਕ ਢਾਲ ਦੇ ਰੂਪ ਵਿੱਚ;
ਜਦੋਂ ਪਰਤਾਵੇ ਤੁਹਾਡੇ ਚਾਰੇ ਪਾਸੇ ਇੱਕਠੇ ਹੋ ਜਾਣ,(ਤੁਸੀਂ ਕੀ
ਕਰੋਗੇ?)
ਉਸ ਪਵਿੱਤਰ ਨਾਮ ਨੂੰ ਪ੍ਰਾਥਨਾ ਦੇ ਵਿੱਚ ਲੈ।

ਬਹੁਮੁੱਲਾ ਨਾਮ, ਓਹ ਕਿੰਨਾ ਮਿੱਠਾ!
ਧਰਤੀ ਤੇ ਆਸ ਅਤੇ ਸਵਰਗ ਦਾ ਅਨੰਦ;
ਬਹੁਮੁੱਲਾ ਨਾਮ, ਓਹ ਕਿੰਨਾ ਮਿੱਠਾ!
ਧਰਤੀ ਤੇ ਆਸ ਅਤੇ ਸਵਰਗ ਦਾ ਅਨੰਦ।

139 ਆਓ ਹੁਣ ਅਸੀਂ ਆਪਣੇ ਸਿਰਾਂ ਨੂੰ ਝੁਕਾਈਏ, ਜਿਵੇਂ ਅਸੀਂ ਗਾਉਂਦੇ ਹਾਂ।

ਯਿਸੂ ਦੇ ਨਾਮ ਤੇ ਝੁੱਕ ਰਹੇ ਹਾਂ,
ਉਹਦੇ ਪੈਰਾਂ ਤੇ ਮੂੰਹ ਭਾਰ ਡਿੱਗਦੇ ਹਾਂ,
ਸਵਰਗ ਵਿੱਚ ਰਾਜਿਆਂ ਦਾ ਰਾਜਾ...ਉਸਨੂੰ ਮੁਕਟ ਪਵਿਨਾਵਾਂਗੇ,
ਜਦੋਂ ਸਾਡਾ ਸਫਰ ਮੁੱਕ ਜਾਵੇਗੇ। (ਕਿਸੇ ਦਿਨ ਇਹ ਹੋਵੇਗਾ।)

ਓਹ ਬਹੁਮੁੱਲਾ ਨਾਮ, ਬਹੁਮੁੱਲਾ ਨਾਮ, ਓਹ ਕਿੰਨਾ ਮਿੱਠਾ!

ਜੱਦ ਤੱਕ ਅਸੀਂ ਦੁਬਾਰਾ ਮਿਲਦੇ ਹਾਂ, ਪਰਮੇਸ਼ੁਰ ਤੁਹਾਡੇ ਨਾਲ ਰਹੇ।

ਧਰਤੀ ਦੀ ਆਸ ਅਤੇ ਸਵਰਗ ਦਾ ਅਨੰਦ;
ਬਹੁਮੁੱਲਾ ਨਾਮ, ਓਹ ਕਿੰਨਾ ਮਿੱਠਾ! ਕਿੰਨਾ ਮਿੱਠਾ!
ਧਰਤੀ ਦੀ ਆਸ ਅਤੇ ਸਵਰਗ ਦਾ ਅਨੰਦ।

*ਏਕੀਕਰਨ ਦਾ ਸਮਾਂ ਅਤੇ ਨਿਸ਼ਾਨ* PUN63-0818

(The Uniting Time And Sign)

ਇਹ ਸੰਦੇਸ਼ ਭਾਈ ਵਿਲੀਅਮ ਮੇਰੀਅਨ ਬ੍ਰਾਨਹਾਮ ਦੁਆਰਾ ਅੰਗਰੇਜੀ ਭਾਸ਼ਾ ਵਿੱਚ ਐਤਵਾਰ ਸ਼ਾਮ, 18 ਅਗਸਤ 1963 ਨੂੰ ਬ੍ਰਾਨਹਾਮ ਟੈਬਰਨੇਕਲ, ਜੈਫ਼ਰਸਨਵਿਲੇ, ਇੰਡੀਆਨਾ, ਸੰਯੁਕਤ ਰਾਜ ਅਮਰੀਕਾ ਵਿੱਚ ਪ੍ਰਚਾਰ ਕੀਤਾ ਗਿਆ ਅਤੇ ਇਹ ਚੁੰਬਕੀ ਟੇਪ ਰਿਕਾਰਡਿੰਗ ਤੋਂ ਲਿਆ ਗਿਆ ਹੈ ਅਤੇ ਅੰਗਰੇਜ਼ੀ ਵਿੱਚ ਬਿਨਾਂ ਕੁਝ ਘਟਾਏ ਵਧਾਏ ਛਾਪਿਆ ਗਿਆ ਹੈ । ਇਹ ਪੰਜਾਬੀ ਅਨੁਵਾਦ ਵਾਇਸ ਆਫ ਗੋਡ ਰਿਕਾਰਡਿੰਗਸ ਵਲੋਂ ਛਾਪਿਆ ਅਤੇ ਵੰਡਿਆ ਗਿਆ ਹੈ ।

PUNJABI

©2018 VGR, ALL RIGHTS RESERVED

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
044 28274560 • 044 28251791
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org

## Copyright notice

All rights reserved. This book may be printed on a home printer for personal use or to be given out, free of charge, as a tool to spread the Gospel of Jesus Christ. This book cannot be sold, reproduced on a large scale, posted on a website, stored in a retrieval system, translated into other languages, or used for soliciting funds without the express written permission of Voice Of God Recordings®.

For more information or for other available material, please contact:

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org